Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 153 Wednesday, August 12, 2020 Tel: 905-793-2202 | Fax: 905-793-2282 | news@punjabipost.ca
To view our online newspaper visit **punjabipost.ca/epaper** THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਵਿੱਤ ਮੰਤਰੀ ਬਿੱਲ ਮੌਰਨਿਊ 'ਤੇ ਪੂਰਾ ਭਰੋਸਾ : ਟਰੂਡੋ

ਓਟਵਾ, 11 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਜੇ ਵੀ ਉਨ੍ਹਾਂ ਨੂੰ ਵਿੱਤ ਮੰਤਰੀ ਬਿੱਲ ਮੌਰਨਿਊ ਉੱਤੇ ਪੂਰਾ ਭਰੋਸਾ ਹੈ। ਫਿਰ ਭਾਵੇਂ ਉਨ੍ਹਾਂ ਦੇ ਅਸਤੀਫੇ ਦੀ ਮੰਗ ਤੇਜ਼ ਹੋ ਰਹੀ ਹੈ ਤੇ ਕੈਬਨਿਟ ਵਿੱਚ ਉਨ੍ਹਾਂ ਦੇ ਦਿਨ ਹੁਣ ਗਿਣੇ ਚੁਣੇ ਦੱਸੇ ਜਾ ਰਹੇ ਹਨ।

ਕੈਬਨਿਟ ਵਿੱਚ ਫੇਰਬਦਲ ਦੀਆਂ ਕਨਸੋਆਂ ਅਤੇ ਵਿੱਤ ਮੰਤਰੀ ਦੀ ਸਿਆਸੀ ਹੋਣੀ ਉੱਤੇ ਲੱਗੇ ਸਵਾਲੀਆ ਚਿੰਨ੍ਹ ਦਰਮਿਆਨ ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੇ ਗਏ ਨਵੇਂ ਬਿਆਨ ਵਿੱਚ ਮੌਰਨਿਊ ਦੇ ਪੂਰੇ ਸਮਰਥਨ ਉੱਤੇ ਜ਼ੋਰ ਦਿੱਤਾ ਗਿਆ ਹੈ। ਪੀਐਮਓ ਦੇ ਬੁਲਾਰੇ ਐਲੈਕਸ ਵੈਲਸਟੈਡ ਨੇ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਵਿੱਤ ਮੰਤਰੀ ਵਿੱਚ ਪੂਰਾ ਭਰੋਸਾ ਹੈ ਤੇ ਇਸ ਸਬੰਧ ਵਿੱਚ ਕੋਈ ਵੀ ਹੋਰ ਬਿਆਨ ਗਲਤ ਹੈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਜਾਣਦੇ ਹਨ ਕਿ ਮੰਤਰੀ ਮੌਰਨਿਊ ਤੇ ਕੈਬਨਿਟ ਮੰਤਰੀਆਂ ਦੀ ਸਮੁੱਚੀ ਟੀਮ ਕੈਨੇਡੀਅਨਾਂ ਨੂੰ ਮਹਾਂਮਾਰੀ ਵਿੱਚੋਂ ਸਹੀ ਸਲਾਮਤ ਬਾਹਰ ਕੱਢਣ ਵਿੱਚ ਲੱਗੀ ਹੋਈ ਹੈ। ਸੋਮਵਾਰ ਨੂੰ ਮੀਡੀਆ ਵੱਲੋਂ ਨਸ਼ਰ ਕੀਤੀਆਂ ਗਈਆਂ ਖਬਰਾਂ ਵਿੱਚ ਇਸ ਗਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਮਹਾਂਮਾਰੀ ਵਿੱਚੋਂ ਕੈਨੇਡੀਅਨ ਅਰਥਚਾਰੇ ਨੂੰ ਸਹੀ ਸਲਾਮਤ ਬਾਹਰ ਕੱਢਣ ਲਈ ਟਰੂਡੋ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਤੋਂ ਸਲਾਹ ਲੈ ਰਹੇ ਹਨ। ਇਸ ਨਾਲ ਇਨ੍ਹਾਂ ਕਿਆਸਅਰਾਈਆਂ ਨੂੰ ਵੀ ਸ਼ਹਿ ਮਿਲੀ ਹੈ ਕਿ ਕਿਤੇ ਕਾਰਨੇ ਨੂੰ ਮੌਰਨਿਊ ਦੇ ਬਦਲ ਵਜੋਂ ਤਾਂ ਨਹੀਂ ਵੇਖਿਆ ਜਾ ਰਿਹਾ। ਦੂਜੇ ਪਾਸੇ ਵੁਈ ਚੈਰਿਟੀ ਵਿਵਾਦ ਦੇ ਸਬੰਧ ਵਿੱਚ ਐਥਿਕਸ ਕਮੇਟੀ ਸਾਹਮਣੇ 22 ਜੁਲਾਈ ਨੂੰ ਪੇਸ਼ ਹੋਣ ਤੋਂ ਬਾਅਦ ਮੌਰਨਿਊ ਸੱਭ ਦੇ ਸਾਹਮਣੇ ਘੱਟ ਹੀ ਆ ਰਹੇ ਹਨ।



ਹਾਲਾਂਕਿ ਕਈ ਕੈਬਨਿਟ ਮੰਤਰੀਆਂ ਵੱਲੋਂ ਵੁਈ ਚੈਰਿਟੀ ਨਾਲ ਨੇੜਲੇ ਸਬੰਧ ਰੱਖਣ ਦੇ ਬਾਵਜੂਦ ਵਿੱਤ ਮੰਤਰੀ ਬਿੱਲ ਮੌਰਨਿਊ ਵਿੱਚ ਪੂਰਾ ਭਰੋਸਾ ਪ੍ਰਗਟਾਇਆ ਜਾ ਰਿਹਾ ਹੈ ਪਰ ਸੰਭਾਵੀ ਕੈਬਨਿਟ ਫੇਰਬਦਲ ਦੇ ਮੱਦੇਨਜ਼ਰ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਸਮੇਤ ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਤੇ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਜੀਨ-ਯਵੇਸ ਡਕਲਸ ਨੂੰ ਉਨ੍ਹਾਂ ਦੇ ਬਦਲ ਵਜੋਂ ਵੀ ਵੇਖਿਆ ਜਾ ਰਿਹਾ ਹੈ। ਉਹ ਵੱਖਰੀ ਗੱਲ ਹੈ ਕਿ ਟਰੂਡੋ ਦੇ ਬਿਆਨ ਨੇ ਹਾਲ ਦੀ ਘੜੀ ਕੈਬਨਿਟ ਵਿੱਚ ਕੀਤੀ ਜਾਣ ਵਾਲੀ ਕਿਸੇ ਵੀ ਤਰ੍ਹਾਂ ਦੀ ਫੇਰਬਦਲ ਦੀਆਂ ਸੰਭਾਵਨਾਂਵਾ ਉੱਤੇ ਰੋਕ ਲਾਉਣ ਦੀ ਕੋਸ਼ਿਸ਼ ਕੀਤੀ ਹੈ।

## ਵੁਈ ਚੈਰਿਟੀ ਵਿਵਾਦ ਬਾਰੇ ਮੰਤਰੀ ਤੇ ਉੱਘੇ ਪਬਲਿਕ ਸਰਵੈਂਟ ਅੱਜ ਰੱਖਣਗੇ ਆਪਣਾ ਪੱਖ

ਓਟਵਾ, 11 ਅਗਸਤ (ਪੋਸਟ ਬਿਊਰੋ) : ਕਈ ਮੰਤਰੀ ਤੇ ਕੈਨੇਡਾ ਦੇ ਉੱਘੇ ਪਬਲਿਕ ਸਰਵੈਂਟ ਅੱਜ ਐਥਿਕਸ ਕਮੇਟੀ ਸਾਹਮਣੇ ਪੇਸ਼ ਹੋ ਕੇ ਵੁਈ ਚੈਰਿਟੀ ਮਾਮਲੇ ਵਿੱਚ ਚੱਲ ਰਹੀ ਜਾਂਚ ਸਬੰਧੀ ਸਵਾਲਾਂ ਦੇ ਜਵਾਬ ਦੇਣਗੇ। ਫੈਡਰਲ ਸਰਕਾਰ ਵੱਲੋਂ ਵੁਈ ਚੈਰਿਟੀ ਨੂੰ 900 ਮਿਲੀਅਨ ਡਾਲਰ ਦੇ ਪ੍ਰੋਗਰਾਮ ਨੂੰ ਚਲਾਉਣ ਲਈ ਦਿੱਤੀ ਗਈ ਇਜਾਜ਼ਤ ਨੂੰ ਭਾਵੇਂ ਹੁਣ ਰੱਦ ਕਰ ਦਿੱਤਾ ਗਿਆ ਹੈ ਪਰ ਇਹ ਮਾਮਲਾ ਲਿਬਰਲ ਸਰਕਾਰ ਦੇ ਗਲੇ ਦੀ ਹੱਢੀ ਬਣ ਚੁੱਕਿਆ ਹੈ।



ਯੂਥ ਮੰਤਰੀ ਬਰਦੀਸ਼ ਚੱਗੜ, ਇੰਪਲੌਇਮੈਂਟ ਮੰਤਰੀ ਕਾਰਲਾ ਕੁਆਲਤਰੋ, ਪ੍ਰਿਵੀ ਕਾਊਂਸਲ ਦੇ ਕਲਰਕ ਲੈਨ ਸ਼ੁਗਾਰਤ ਤੇ ਸਾਬਕਾ ਐਥਿਕਸ ਕਮਿਸ਼ਨਰ ਮੈਰੀ ਡਾਅਸਨ ਅੱਜ ਹੋਣ ਜਾ ਰਹੀ ਮੀਟਿੰਗ ਵਿੱਚ ਆਪੋ ਆਪਣਾ ਪੱਖ ਰੱਖਣਗੇ। ਕਮੇਟੀ ਦੀ ਵੈਬਸਾਈਟ ਅਨੁਸਾਰ ਕਈ ਹੋਰ ਕਮੇਟੀਆਂ ਵੁਈ ਚੈਰਿਟੀ ਵਿਵਾਦ ਦੇ ਵੱਖ ਵੱਖ ਪੱਖਾਂ ਦੀ ਜਾਂਚ ਕਰ ਰਹੀਆਂ ਹਨ ਤੇ ਐਥਿਕਸ ਕਮੇਟੀ ਖਾਸ ਤੌਰ ਉੱਤੇ ਫੈਡਰਲ ਸਰਕਾਰ ਦੀਆਂ ਖਰਚੇ ਸਬੰਧੀ ਨੀਤੀਆਂ ਵਿੱਚ ਕਾਨਫਲਿਕਟ ਆਫ ਇੰਟਰਸਟ ਨੂੰ ਰੋਕਣ ਲਈ ਮੌਜੂਦ ਪ੍ਰਬੰਧਾਂ ਦਾ ਮੁਲਾਂਕਣ ਕਰ ਰਹੀ ਹੈ।

ਹੁਣ ਰੱਦ ਹੋ ਚੁੱਕੇ ਕਾਂਟਰੈਕਟ ਦੇ ਸਬੰਧ ਵਿੱਚ ਚੱਗੜ ਪਹਿਲਾਂ ਹੀ ਵਿੱਤ ਕਮੇਟੀ ਸਾਹਮਣੇ ਆਪਣਾ ਪੱਖ ਰੱਖ ਚੁੱਕੀ ਹੈ। ਉਹ ਹੀ ਉਹ ਮੰਤਰੀ ਹੈ ਜਿਸ ਨੇ ਇਸ ਪ੍ਰੋਗਰਾਮ ਦੇ ਸਬੰਧ ਵਿੱਚ ਲੀਡ ਲਈ ਹੈ ਤੇ ਇਨ੍ਹਾਂ ਗਰਮੀਆਂ ਵਿੱਚ ਵਾਲੰਟੀਅਰਜ਼ ਵਜੋਂ ਵਿਦਿਆਰਥੀਆਂ ਦੀ ਮਦਦ ਲਈ ਕੋਈ ਹੋਰ ਰਾਹ ਲੱਭਣ ਦਾ ਜਿੰਮਾਂ ਵੀ ਉਸ ਦੇ ਹੀ ਸਿਰ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਕੂਲ ਸ਼ੁਰੂ ਹੋਣ ਵਿੱਚ ਹੁਣ ਕੁੱਝ ਦਿਨਾਂ ਦਾ ਸਮਾਂ ਹੀ ਰਹਿ ਗਿਆ ਹੈ।

ਦੂਜੇ ਪਾਸੇ ਕੁਆਲਤਰੋ ਇਸ ਸਕੈਂਡਲ ਦੌਰਾਨ ਕਿਤੇ ਵੀ ਫੈਸਲਾ ਕਰਨ ਦੇ ਮਾਮਲੇ ਵਿੱਚ ਸ਼ਾਮਲ ਨਹੀ ਸੀ। ਪਰ ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਹੀ ਉਹ ਵਿਭਾਗ ਹੈ ਜਿੱਥੋਂ ਦੇ ਸਟਾਫ ਨੇ ਇਹ ਸਿਫਾਰਸ਼ ਕੀਤੀ ਸੀ ਕਿ ਇਹ ਵੁਈ ਚੈਰਿਟੀ ਹੀ ਅਜਿਹੀ ਚੈਰਿਟੀ ਹੈ ਜਿਹੜੀ ਪ੍ਰੋਗਰਾਮ ਚਲਾ ਸਕਦੀ ਸੀ। ਸ਼ੁਗਾਰਤ ਵੀ ਵਿੱਤ ਕਮੇਟੀ ਸਾਹਮਣੇ ਪੇਸ਼ ਹੋ ਚੁੱਕੇ ਹਨ ਤੇ ਉਹ ਉੱਥੇ ਵੁਈ ਚੈਰਿਟੀ ਨੂੰ ਚੁਣੇ ਜਾਣ ਵਿੱਚ ਪਬਲਿਕ ਸਰਵਿਸ ਵੱਲੋਂ ਨਿਭਾਈ ਭੂਮਿਕਾ ਬਾਰੇ ਵਿਚਾਰ ਵਟਾਂਦਰਾ ਕਰ ਚੁੱਕੇ ਹਨ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਤੋਂ ਵੀ ਇਨਕਾਰ ਕਰ ਚੁੱਕੇ ਹਨ।

## ਮੇਪਲ ਲੀਫ ਫੂਡਜ਼ ਦੇ ਚਾਰ ਹੋਰ ਮੁਲਾਜ਼ਮ ਕੋਵਿਡ-19 ਪਾਜ਼ੀਟਿਵ

ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਕੱਲ੍ਹ ਸ਼ਿਫਟ ਬਦਲਣ ਸਾਰ ਹੀ ਬਰੈਂਡਨ ਦੀ ਸੱਭ ਤੋਂ ਵੱਡੀ ਇੰਪਲੌਇਰ, ਫੂਡ ਪ੍ਰੋਸੈਸਿੰਗ ਕੰਪਨੀ ਮੇਪਲ ਲੀਫ ਫੂਡਜ਼ ਨੂੰ ਪਤਾ ਲੱਗਿਆ ਕਿ ਉਸ ਦੇ ਚਾਰ ਹੋਰ ਇੰਪਲੌਈਜ਼ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਇਸ ਤੋਂ ਬਾਅਦ ਵਰਕਰਜ਼ ਕਾਫੀ ਡਰੇ ਹੋਏ ਹਨ। ਵਰਕਰਜ਼ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਵਿੱਚ ਹੀ ਹੁਣ ਤੱਕ 22 ਕੇਸ ਪਾਜ਼ੀਟਿਵ ਆ ਚੁੱਕੇ ਹਨ। ਕੁੱਝ ਦਿਨ ਪਹਿਲਾਂ ਕੰਪਨੀ ਦਾ ਸੀਈਓ ਇੱਕ ਬਿਆਨ ਵਿੱਚ ਇਹ ਸਵੀਕਾਰ ਕਰ ਚੁੱਕਿਆ ਹੈ ਕਿ ਬਰੈਂਡਨ ਪਲਾਂਟ ਵਿੱਚ ਹੀ ਮੁਲਾਜ਼ਮਾਂ ਵਿੱਚ 10 ਕੇਸ ਪਾਜ਼ੀਟਿਵ ਆ ਚੁੱਕੇ ਹਨ।



ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਗੱਲ ਦੇ ਕੋਈ ਸਬੂਤ ਨਹੀ ਮਿਲੇ ਹਨ ਕਿ ਕਿਸੇ ਵੀ ਮੁਲਾਜ਼ਮ ਨੂੰ ਫੈਸਿਲਿਟੀ ਦੇ ਅੰਦਰ ਵਾਇਰਸ ਹੋਇਆ ਹੋਵੇ। ਫਿਰ ਵੀ ਯੂਨੀਅਨ ਵੱਲੋਂ ਪਲਾਂਟ ਬੰਦ ਕਰਨ ਤੇ ਲਾਜ਼ਮੀ ਜਾਂਚ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਯੂਨੀਅਨ ਦੇ ਪ੍ਰੈਜ਼ੀਡੈਂਟ ਪਾਲ ਮੇਨੇਮਾ ਨੇ ਆਖਿਆ ਕਿ ਮੁਲਾਜ਼ਮਾਂ ਨੂੰ ਪਲਾਂਟ ਵਿੱਚ ਕੰਮ ਉੱਤੇ ਵਾਪਿਸ ਭੇਜਣ ਤੋਂ ਪਹਿਲਾਂ ਉਨ੍ਹਾਂ ਦੇ ਟੈਸਟ ਕਰਵਾਏ ਜਾਣ। ਕਰੋਨਾਵਾਇਰਸ ਦੇ ਡਰ ਕਾਰਨ ਪਰਿਵਾਰ ਅਜਿਹੇ ਹਾਲਾਤ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਨੂੰ ਆਪਣੀ ਨੌਕਰੀ ਖੁੱਸਣ ਦਾ ਵੀ ਡਰ ਹੈ ਤੇ ਇਹ ਡਰ ਵੀ ਹੈ ਕਿ ਕਿਤੇ ਉਨ੍ਹਾਂ ਨੂੰ ਕਰੋਨਾਵਾਇਰਸ ਨਾ ਹੋ ਜਾਵੇ।

## ਬਾਇਡਨ ਨੇ ਸੈਨੇਟਰ ਕਮਲਾ ਹੈਰਿਸ ਨੂੰ ਚੁਣਿਆ ਆਪਣਾ "ਡਿਪਟੀ"

ਵਿਲਮਿੰਗਟਨ, 11 ਅਗਸਤ (ਪੋਸਟ ਬਿਊਰੋ) : ਜੋਅ ਬਾਇਡਨ ਨੇ ਕੈਲੇਫੋਰਨੀਆ ਤੋਂ ਸੈਨੇਟਰ ਕਮਲਾ ਹੈਰਿਸ ਦੀ ਚੋਣ ਆਪਣੀ ਰਨਿੰਗ ਮੇਟ (ਵਾਈਸ ਪ੍ਰੈਜ਼ੀਡੈਂਟ) ਵਜੋਂ ਕੀਤੀ ਹੈ। ਇਸ ਅਹੁਦੇ ਲਈ ਪਹਿਲੀ ਬਲੈਕ ਵੁਮਨ ਦੀ ਚੋਣ ਕਰਕੇ ਬਾਇਡਨ ਨੇ ਇਤਿਹਾਸ ਸਿਰਜ ਦਿੱਤਾ ਹੈ। ਇਸ ਦੇ ਨਾਲ ਹੀ ਬਾਇਡਨ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਰਾਉਣ ਦੀ ਉਨ੍ਹਾਂ ਦੀ ਕੋਸ਼ਿਸ਼ ਵਿੱਚ ਬਲੈਕ ਵੋਟਰਜ਼ ਕਿੰਨੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ।



ਬਾਇਡਨ ਨੇ ਟਵੀਟ ਕਰਕੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੋ ਰਹੀ ਹੈ ਕਿ ਉਨ੍ਹਾਂ ਨੇ ਨਿਡਰ ਜੰਗਜੂ ਤੇ ਦੇਸ਼ ਦੀ ਬਿਹਤਰੀਨ ਪਬਲਿਕ ਸਰਵੈਂਟ ਨੂੰ ਆਪਣੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਵਾਸਤੇ ਚੁਣਿਆ ਹੈ। ਉਨ੍ਹਾਂ ਆਖਿਆ ਕਿ ਹੁਣ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਕਮਲਾ ਦਾ ਸਾਥ ਮਿਲਣ ਤੋਂ ਬਾਅਦ ਉਹ ਟਰੰਪ ਨੂੰ ਬਾਹਰ ਦਾ ਰਸਤਾ ਯਕੀਨਨ ਵਿਖਾ ਸਕਣਗੇ। ਹੈਰਿਸ ਤੇ ਬਾਇਡਨ ਵੱਲੋਂ ਬੁੱਧਵਾਰ ਨੂੰ ਵਿਲਮਿੰਗਟਨ ਵਿੱਚ ਆਪਣੀ ਅਗਲੀ ਯੋਜਨਾ ਦਾ ਖੁਲਾਸਾ ਕੀਤੇ ਜਾਣ ਦੀ ਸੰਭਾਵਨਾ ਹੈ।

ਰਾਸ਼ਟਰਪਤੀ ਦੇ ਅਹੁਦੇ ਲਈ ਸ਼ੁਰੂਆਤੀ ਚੋਣ ਮੁਹਿੰਮ ਵਿੱਚ ਡੈਮੋਕ੍ਰੈਟਿਕ ਵਜੋਂ ਹੀ ਬਾਇਡਨ ਨੂੰ ਟੱਕਰ ਦੇ ਚੁੱਕੀ ਹੈਰਿਸ ਇਸ ਕੌਮੀ ਕੈਂਪੇਨ ਤੋਂ ਭਲੀ ਭਾਂਤ ਜਾਣੂ ਹੈ। ਪਹਿਲੀ ਵਾਰੀ ਸੈਨੇਟਰ ਬਣੀ 55 ਸਾਲਾ ਹੈਰਿਸ ਪਾਰਟੀ ਦੀਆਂ ਅਹਿਮ ਸ਼ਖਸੀਅਤਾਂ ਵਿੱਚੋਂ ਇੱਕ ਹੈ ਤੇ ਵਾਈਟ ਹਾਊਸ ਵਿੱਚ ਆਪਣੀ ਕੈਂਪੇਨ ਮੁੱਕਣ ਤੋਂ ਬਾਅਦ ਤੇਜ਼ੀ ਨਾਲ ਨੰਬਰ 2 ਦੇ ਮੁਕਾਮ ਤੱਕ ਪਹੁੰਚਣ ਵਾਲੀ ਪਹਿਲੀ ਮਹਿਲਾ ਹੈ। ਹੈਰਿਸ, ਭਾਰਤੀ ਮੂਲ ਦੀ ਅਮੈਰੀਕਨ ਮਹਿਲਾ ਹੈ, ਨੇ ਅਜਿਹੇ ਮੌਕੇ ਬਾਇਡਨ ਨੂੰ ਜੁਆਇਨ ਕੀਤਾ ਹੈ ਜਦੋਂ ਦੇਸ਼ ਅਨਕਿਆਸੇ ਸੰਕਟ ਵਿੱਚ ਘਿਰਿਆ ਹੋਇਆ ਹੈ। ਕਰੋਨਾਵਾਇਰਸ ਮਹਾਂਮਾਰੀ ਅਮਰੀਕਾ ਵਿੱਚ 150,000 ਲੋਕਾਂ ਦੀ ਜਾਨ ਲੈ ਚੁੱਕੀ ਹੈ, ਇਹ ਅੰਕੜਾ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਇਸ ਤੋਂ ਇਲਾਵਾ ਮਹਾਂਮਾਰੀ ਕਾਰਨ ਕਾਰੋਬਾਰ ਠੱਪ ਹੋ ਚੁੱਕੇ ਹਨ ਤੇ ਦੇਸ਼ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਅਮੈਰੀਕਨਜ਼ ਵੱਲੋਂ ਨਸਲਵਾਦ ਤੇ ਪੁਲਿਸ ਦੀ ਧੱਕੇਸ਼ਾਹੀ ਤੇ ਜ਼ੁਲਮ ਖਿਲਾਫ ਦੇਸ਼ ਭਰ ਵਿੱਚ ਸੰਘਰਸ ਚੱਲ ਰਿਹਾ ਹੈ। ਟਰੰਪ ਵੱਲੋਂ ਇਸ ਸੰਕਟ ਨਾਲ ਚੰਗੀ ਤਰ੍ਹਾਂ ਨਾ ਨਜਿੱਠਣ ਸਦਕਾ ਬਾਇਡਨ ਦੀ ਸਥਿਤੀ ਹੁਣ ਕਾਫੀ ਮਜ਼ਬੂਤ ਹੋ ਗਈ ਹੈ। ਹੁਣ ਹੈਰਿਸ ਨੂੰ ਆਪਣੇ ਨਾਲ ਜੋੜ ਕੇ ਬਾਇਡਨ ਹੈਲਥ ਕੇਅਰ ਤੇ ਲਾਅ ਐਨਫੋਰਸਮੈਂਟ ਦੇ ਉਨ੍ਹਾਂ ਦੇ ਪਿਛੋਕੜ ਤੋਂ ਵੀ ਲਾਹਾ ਲੈ ਸਕਣਗੇ। ਦੱਸਣਾ ਬਣਦਾ ਹੈ ਕਿ ਹੈਰਿਸ ਕੈਲੇਫੋਰਨੀਆ ਦੀ ਅਟਾਰਨੀ ਜਨਰਲ ਤੇ ਸੈਨ ਫਰੈਂਸਿਸਕੋ ਵਿੱਚ ਡਿਸਟ੍ਰਿਕਟ ਅਟਾਰਨੀ ਵੀ ਰਹਿ ਚੁੱਕੀ ਹੈ। ਅੱਠ ਸਾਲ ਤੱਕ ਰਾਸਲਟਰਪਤੀ ਬਰਾਕ ਓਬਾਮਾ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਬਾਇਡਨ ਨੇ ਕਈ ਮਹੀਨੇ ਇਹ ਸੋਚਣ ਵਿੱਚ ਹੀ ਗੁਜ਼ਾਰੇ ਹਨ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਓਬਾਮਾ ਪ੍ਰਸ਼ਾਸਨ ਵਿੱਚ ਉਨ੍ਹਾਂ ਵੱਲੋਂ ਨਿਭਾਈ ਭੂਮਿਕਾ ਉਤੇ ਇਸ ਵਾਰੀ ਕੌਣ ਖਰਾ ਉਤਰੇਗਾ। ਉਨ੍ਹਾਂ ਮਾਰਚ ਵਿੱਚ ਇਹ ਤਹੱਈਆ ਪ੍ਰਗਟਾਇਆ ਸੀ ਕਿ ਉਹ ਵਾਈਸ ਪ੍ਰੈਜ਼ੀਡੈਂਟ ਵਜੋਂ ਕਿਸੇ ਮਹਿਲਾ ਨੂੰ ਮੌਕਾ ਦੇਣਗੇ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355 Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਹਵਾਈ ਸਫਰ ਕਰਨ ਵਾਲਿਆਂ ਨੂੰ ਮਾਸਕ ਨਾ ਪਾਉਣ ਲਈ ਦੇਣਾ ਹੋਵੇਗਾ ਮੈਡੀਕਲ ਸਬੂਤ



ਓਟਵਾ, 11 ਅਗਸਤ (ਪੋਸਟ ਬਿਊਰੋ) : ਜਹਾਜ਼ ਵਿੱਚ ਬਿਨਾਂ ਮਾਸਕ ਦੇ ਚੜ੍ਹਨ ਵਾਲੇ ਕੈਨੇਡੀਅਨਾਂ ਨੂੰ ਹੁਣ ਇਸ ਗੱਲ ਦਾ ਮੈਡੀਕਲ ਸਬੂਤ ਦੇਣਾ ਹੋਵੇਗਾ ਕਿ ਉਹ ਮਾਸਕ ਕਿਉਂ ਨਹੀਂ ਪਾ ਸਕਦੇ। ਫੈਡਰਲ ਸਰਕਾਰ ਵੱਲੋਂ ਟਰੈਵਲ ਸਬੰਧੀ ਸੋਧੇ ਗਏ ਨਿਯਮਾਂ ਦਾ ਇਹ ਨਿਯਮ ਵੀ ਹਿੱਸਾ ਹੈ।

ਜ਼ਿਕਰਯੋਗ ਹੈ ਕਿ 20 ਅਪਰੈਲ ਤੋਂ ਹੀ ਨੌਨ ਮੈਡੀਕਲ ਮਾਸਕਸ ਜਹਾਜ਼ਾਂ ਵਿੱਚ ਲਾਜ਼ਮੀ ਹੋਏ ਪਏ ਹਨ। ਪਰ ਪਿਛਲੇ ਹਫਤੇ ਤੱਕ ਯਾਤਰੀ ਇਹ ਆਖ ਕੇ ਮਾਸਕ ਪਾਉਣ ਤੋਂ ਬਚ ਜਾਂਦੇ ਸਨ ਕਿ ਉਨ੍ਹਾਂ ਨੂੰ ਕੋਵਿਡ-19 ਨਹੀਂ ਪਰ ਉਨ੍ਹਾਂ ਨੂੰ ਸਾਹ ਲੈਣ ਵਿੱਚ ਦਿੱਕਤ ਹੈ। ਪਰ ਹੁਣ ਇਹ ਬਹਾਨਾ ਹੋਰ ਨਹੀਂ ਚੱਲਣ ਵਾਲਾ। ਟਰਾਂਸਪੋਰਟ ਕੈਨੇਡਾ ਦੇ ਅਪਡੇਟ ਕੀਤੇ ਗਏ ਨਵੇਂ ਆਰਡਰ ਤਹਿਤ ਹੁਣ ਜਹਾਜ਼ ਵਿੱਚ ਸਫਰ ਕਰਨ ਵਾਲੇ ਵਿਅਕਤੀ ਵੱਲੋਂ ਜੇ ਮਾਸਕ ਨਹੀਂ ਪਾਇਆ ਜਾਂਦਾ ਤਾਂ ਉਸ ਪਿੱਛੇ ਲੁਕੇ ਮੈਡੀਕਲ ਕਾਰਨ ਵਾਸਤੇ ਉਸ ਨੂੰ ਮੈਡੀਕਲ ਸਰਟੀਫਿਕੇਟ ਦੇਣਾ ਹੋਵੇਗਾ।

ਨਿੱਕੇ ਬੱਚਿਆਂ ਤੇ ਬਿਨਾਂ ਕਿਸੇ ਦੀ ਮਦਦ ਦੇ ਆਪਣਾ ਫੇਸ ਮਾਸਕ ਹਟਾ ਪਾਉਣ ਤੋਂ ਅਸਮਰੱਥ ਲੋਕਾਂ ਲਈ ਇਸ ਨਿਯਮ ਵਿੱਚ ਛੋਟ ਹੋਵੇਗੀ। ਇਹ ਮਾਸਕ ਸਕਿਊਰਿਟੀ ਜਾਂਚ ਸਮੇਂ, ਏਅਰਪੋਰਟ ਤੋਂ ਲੰਘਦੇ ਸਮੇਂ ਤੇ ਜਹਾਜ਼ ਵਿੱਚ ਸਵਾਰ ਹੋਣ ਸਮੇਂ ਪਾ ਕੇ ਰੱਖਣਾ ਹੋਵੇਗਾ।

# ਕੌਮਾਂਤਰੀ ਉਡਾਨਾਂ ਰਾਹੀਂ ਕੈਨੇਡਾ ਪਹੁੰਚ ਰਹੇ ਹਨ ਕੋਵਿਡ-19 ਪ੍ਰਭਾਵਿਤ ਯਾਤਰੀ

ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਅਗਸਤ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਵਿਦੇਸ਼ਾਂ ਤੋਂ ਕੈਨੇਡਾ ਪਹੁੰਚੀਆਂ ਅਠਾਰਾਂ ਉਡਾਨਾਂ ਵਿੱਚ ਕੋਵਿਡ-19 ਤੋਂ ਸੰਕ੍ਰਮਿਤ ਲੋਕ ਮੌਜੂਦ ਸਨ।

ਫੈਡਰਲ ਸਰਕਾਰ ਅਨੁਸਾਰ ਇਹ ਉਡਾਨਾਂ ਪਹਿਲੀ ਅਗਸਤ ਤੋਂ ਲੈ ਕੇ 4 ਅਗਸਤ ਦਰਮਿਆਨ ਕੈਨੇਡਾ ਪਹੁੰਚੀਆਂ। ਕੈਨੇਡਾ ਪਹੁੰਚਣ ਉਪਰੰਤ ਸਵਾਰੀਆਂ ਦੀ ਕੀਤੀ ਗਈ ਜਾਂਚ ਵਿੱਚ ਕੋਵਿਡ-19 ਪਾਜ਼ੀਟਿਵ ਪਾਏ ਗਏ ਯਾਤਰੀ ਵੀ ਮੌਜੂਦ ਸਨ। ਅੱਠ ਉਡਾਨਾਂ ਟੋਰਾਂਟੋ ਪਹੁੰਚੀਆਂ, ਸੱਤ ਮਾਂਟਰੀਅਲ ਵਿੱਚ ਲੈਂਡ ਕੀਤੀਆਂ, ਇੱਕ ਵੈਨਕੂਵਰ ਤੇ ਇੱਕ ਕੈਲਗਰੀ ਵਿੱਚ ਲੈਂਡ ਕੀਤੀ। ਸਰਕਾਰ ਵੱਲੋਂ ਅਜੇ ਵੀ ਕੈਨੇਡੀਅਨਾਂ ਨੂੰ ਗੈਰ ਜ਼ਰੂਰੀ ਕੌਮਾਂਤਰੀ ਸਫਰ ਨਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ ਪਰ ਜਿਨ੍ਹਾਂ ਨੂੰ ਸਫਰ ਕਰਨਾ ਵੀ ਪੈਂਦਾ ਹੈ ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਖੁਦ ਨੂੰ 14 ਦਿਨਾਂ ਲਈ ਅਲੱਗ ਥਲੱਗ ਕਰ ਲੈਣ, ਫਿਰ ਭਾਵੇਂ ਉਨ੍ਹਾਂ ਨੂੰ ਕੋਵਿਡ-19 ਦੇ ਲੱਛਣ ਹੋਣ ਜਾਂ ਨਾ ਹੋਣ। ਯਾਤਰੀਆਂ ਨੂੰ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਿੱਧੇ ਤੌਰ ਉੱਤੇ ਨੋਟੀਫਾਇ ਨਹੀਂ ਕੀਤਾ ਜਾ ਰਿਹਾ ਹਾਲਾਂਕਿ ਸਰਕਾਰ ਦਾ ਇਹ ਮੰਨਣਾ ਹੈ ਕਿ ਅਜਿਹੀਆਂ ਫਲਾਈਟਜ਼ ਉੱਤੇ ਆਉਣ ਵਾਲੇ ਲੋਕ ਕੋਵਿਡ-19 ਤੋਂ ਪ੍ਰਭਾਵਿਤ ਹੋ ਸਕਦੇ ਹਨ।

ਏਅਰ ਕੈਨੇਡਾ ਦੇ ਬੁਲਾਰੇ ਪੀਟਰ ਫਿਟਜ਼ਪੈਟ੍ਰਿਕ ਨੇ ਆਖਿਆ ਕਿ ਜਿਸ ਕਿਸੇ ਨੂੰ ਲੱਗਦਾ ਹੈ ਕਿ ਉਹ ਇਸ ਵਾਇਰਸ ਦੀ ਚਪੇਟ ਵਿੱਚ ਆਏ ਹੋ ਸਕਦੇ ਹਨ ਤਾਂ ਉਨ੍ਹਾਂ ਨੂੰ ਫੌਰੀ ਤੌਰ ਉੱਤੇ ਆਪਣੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ। ਕੋਵਿਡ-19 ਵਾਲੇ ਮਾਮਲਿਆਂ ਨਾਲ ਪਹਿਲੀ ਅਗਸਤ ਤੋਂ ਕੈਨੇਡਾ ਪਹੁੰਚੀਆਂ ਉਡਾਨਾਂ ਵਿੱਚ ਹੇਠ ਲਿਖੀਆਂ ਉਡਾਨਾਂ ਸ਼ਾਮਲ ਹਨ :



- Air Transat flight TS831 from Punta Cana to Toronto on Aug. 1
- United Airlines flight UA375 from San Francisco to Vancouver on Aug. 1
- Air Transat flight TS893 from Cancun to Montreal on Aug. 1
- Air France flight AF034 from Paris to Montreal on Aug. 1
- Air Canada flight AC1297 from Punta Cana to Montreal on Aug. 1
- Air Canada flight AC1241 from Cancun to Montreal on Aug. 1
- Pakistan International Airlines flight PK797 from Lahore to Toronto on Aug. 2
- Etihad Airways flight EY141 from Abu Dhabi to Toronto on Aug. 2
- Air Canada flight AC992 from Mexico City to Toronto on Aug. 2
- United Airlines flight UA3488 from Newark to Toronto on Aug. 3
- Qatar Airlines flight QR763 from Doha to Montreal on Aug. 3
- Air Canada flight AC7682 from Chicago to Toronto on Aug. 4
- Air Canada flight AC849 from London to Toronto on Aug. 4
- Air Canada flight AC879 from Switzerland to Toronto on Aug. 4
- Tap Air Portugal flight TP253 from Lisbon to Montreal on Aug 4.
- Delta Airlines flight DL7203 from Atlanta to Calgary on Aug 4.
- Air Canada flight AC870 from Montreal to Paris on Aug 4.
- AeroMexico flight AM680 from Mexico City to Montreal on Aug 4.

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 3 ਸਾਲਾ ਬੱਚੇ ਦੀ ਹੋਈ ਮੌਤ, ਇੱਕ ਹੋਰ ਬੱਚਾ ਜ਼ਖ਼ਮੀ



ਇਟੋਬੀਕੋ, 11 ਅਗਸਤ (ਪੋਸਟ ਬਿਊਰੋ) : ਇਟੋਬੀਕੋ ਵਿੱਚ ਸਵੇਰੇ 11:00 ਵਜੇ ਦ ਈਸਟ ਮਾਲ ਤੇ ਬਰਨਹੈਮਥੌਰਪ ਰੋਡ ਉੱਤੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਤਿੰਨ ਸਾਲਾ ਬੱਚੇ ਦੀ ਮੌਤ ਹੋ ਗਈ।

ਇੱਕ ਹੋਰ ਬਚਾ ਵੀ ਇਸ ਗੱਡੀ ਦੀ ਚਪੇਟ ਵਿੱਚ ਆ ਗਿਆ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਇਹ ਦੋਵੇਂ ਬੱਚੇ ਇੱਕ ਵਿਅਕਤੀ ਨਾਲ ਤੁਰੇ ਜਾ ਰਹੇ ਸਨ ਜਦੋਂ ਇਹ ਹਾਦਸਾ ਵਾਪਰਿਆ। ਬੱਚਿਆ ਦੇ ਨਾਲ ਜੋ ਵਿਅਕਤੀ ਸੀ ਉਸ ਨੂੰ ਕੋਈ ਸੱਟ ਨਹੀਂ ਲੱਗੀ।

ਗੱਡੀ ਦੀ ਡਰਾਈਵਰ, ਜੋ ਕਿ ਇੱਕ ਉਮਰਦਰਾਜ਼ ਮਹਿਲਾ ਸੀ, ਨੂੰ ਕੋਈ ਮੈਡੀਕਲ ਦਿੱਕਤ ਹੋਣ ਤੋਂ ਬਾਅਦ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਇਲਾਕੇ ਨੂੰ ਦੁਪਹਿਰ ਤੱਕ ਟਰੈਫਿਕ ਲਈ ਬੰਦ ਕਰ ਦਿੱਤਾ ਗਿਆ ਹੈ।

# ਮਿਸੀਸਾਗਾ ਹਾਈਵੇਅ ਨੇੜੇ ਹੋਈ ਸ਼ੂਟਿੰਗ ਵਿੱਚ 2 ਜ਼ਖ਼ਮੀ

ਮਿਸੀਸਾਗਾ, 11 ਅਗਸਤ (ਪੋਸਟ ਬਿਊਰੋ) : ਸੋਮਵਾਰ ਰਾਤੀਂ ਪੁਲਿਸ ਨੂੰ ਮਿਸੀਸਾਗਾ ਦੇ ਹਾਈਵੇਅ ਉੱਤੇ ਇੱਕ ਕਾਰ ਮਿਲੀ ਜਿਸ ਵਿੱਚ ਗੋਲੀਆਂ ਦੇ ਨਿਸ਼ਾਨ ਸਨ। ਇਸ ਤੋਂ ਬਾਅਦ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਪਾਏ ਗਏ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਸ਼ਾਮੀਂ 7:40 ਵਜੇ ਗੱਡੀ ਦੇ ਸ਼ੇਰਵੇਅ ਡਰਾਈਵ ਨੇੜੇ ਡਿਕਸੀ ਰੋਡ ਵੱਲ ਮੁੜਨ ਤੋਂ ਪਹਿਲਾਂ ਕਿਊਈਡਬਲਿਊ ਉੱਤੇ ਵਾਪਰੀ। ਇੱਕ ਵਿਅਕਤੀ ਨੂੰ ਲੋਕਲ ਹਸਪਤਾਲ ਵਿੱਚ ਗੰਭੀਰ ਪਰ ਗੈਰ ਜਾਨਲੇਵਾ ਜ਼ਖ਼ਮਾਂ ਨਾਲ ਭੇਜਿਆ ਗਿਆ ਜਦਕਿ ਦੂਜਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ।



ਪੀਲ ਰੀਜਨਲ ਪੁਲਿਸ ਵੱਲੋਂ ਇਸ ਮਾਮਲੇ ਦੇ ਸਬੰਧ ਵਿੱਚ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਜਾਂਚ ਵਿੱਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਮਦਦ ਕਰ ਰਹੇ ਹਨ। ਓਪੀਪੀ ਵੱਲੋਂ ਵੀ ਹਾਲ ਦੀ ਘੜੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਤੇ ਨਾ ਹੀ ਇਹ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਮਸ਼ਕੂਕ ਦੀ ਭਾਲ ਹੈ।

## ਭਾਜਪਾ ਦੇ ਬਟਾਲਾ ਜ਼ਿਲ੍ਹਾ ਪ੍ਰਧਾਨ ਉੱਤੇ ਪਾਰਟੀ ਦੀ ਮਹਿਲਾ ਆਗੂ ਵੱਲੋਂ ਸੰਗੀਨ ਦੋਸ਼

ਬਟਾਲਾ, 11 ਅਗਸਤ, (ਪੋਸਟ ਬਿਊਰੋ)-ਭਾਜਪਾ ਦੀ ਇੱਕ ਮਹਿਲਾ ਆਗੂ ਨੇ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਰਾਕੇਸ਼ ਭਾਟੀਆ ਉੱਤੇ ਸਰੀਰਕ ਸਬੰਧ ਬਣਾਉਣ ਦੇ ਦੋਸ਼ ਲਾਏ ਹਨ। ਇਸ ਬਾਰੇ ਉਸ ਨੇ ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਭਾਟੀਆ ਦੇ ਖ਼ਿਲਾਫ਼ ਸ਼ਿਕਾਇਤ ਪੱਤਰ ਲਿਖਿਆ ਅਤੇ ਭਾਟੀਆ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕੀਤੀ ਹੈ। ਪੱਤਰ ਵਿੱਚ ਮਹਿਲਾ ਆਗੂ ਨੇ ਸਾਫ ਦੋਸ਼ ਲਾਏ ਹਨ ਕਿ ਭਾਟੀਆ ਨੇ ਉਸ ਨੂੰ ਆਪਣੀ ਪਾਰਟੀ ਵਿੱਚ ਕੋਈ ਉੱਚਾ ਅਹੁਦਾ ਦਿਵਾਉਣ ਦੇ ਨਾਂਅ ਉੱਤੇ ਉਸ ਨਾਲ ਧਰਮਸ਼ਾਲਾ ਵੱਲ ਘੁੰਮਣ ਜਾਣ ਦੀ ਆਫਰ ਦਿੱਤੀ ਸੀ। ਵਿਧਵਾ ਦੱਸੀ ਜਾਂਦੀ ਇਸ ਮਹਿਲਾ ਦੇ ਮੁਤਾਬਕ ਉਸ ਦੀ ਮੁਲਾਕਾਤ ਰਾਕੇਸ਼ ਭਾਟੀਆ ਨਾਲ ਕਿਸੇ ਕੰਮ ਬਾਰੇ ਹੋਈ ਸੀ। ਬਾਅਦ ਵਿੱਚ ਉਸ ਨੇ ਫੋਨ ਉੱਤੇ ਗੱਲਬਾਤ ਸ਼ੁਰੂ ਕੀਤੀ ਤੇ ਭਾਜਪਾ ਕਾਰਜਕਾਰਨੀ ਵਿੱਚ ਉਸ ਨੂੰ ਮੈਂਬਰ ਬਣਾਇਆ। ਫਿਰ ਭਾਟੀਆ ਨੇ ਉਸ ਨਾਲ ਅਸ਼ਲੀਲ ਗੱਲਾਂ ਸ਼ੁਰੂ ਕਰ ਦਿੱਤੀਆਂ ਅਤੇ ਸਰੀਰਕ ਸਬੰਧ ਬਣਾਉਣ ਲਈ ਧਰਮਸ਼ਾਲਾ ਜਾਣ ਲਈ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਮਹਿਲਾ ਆਗੂ ਨੇ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਧਾਨ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰ ਕੇ ਉਸ ਨੂੰ ਪਾਰਟੀ ਵਿੱਚੋਂ ਕੱਢਿਆ ਜਾਵੇ। ਉਸ ਨੇ ਦਾਅਵਾ ਕੀਤਾ ਕਿ ਉਸ ਕੋਲ ਇਸ ਪ੍ਰਧਾਨ ਦੇ ਖ਼ਿਲਾਫ਼ ਹਰ ਤਰ੍ਹਾਂ ਦੇ ਸਬੂਤ ਹਨ, ਜਿਨ੍ਹਾਂ ਨੂੰ ਸਮਾਂ ਆਉਣ ਉੱਤੇ ਜਨਤਕ ਕਰ ਸਕਦੀ ਹੈ।

ਇਸ ਦੌਰਾਨ ਇਸ ਮਹਿਲਾ ਅਤੇ ਜ਼ਿਲਾ ਭਾਜਪਾ ਪ੍ਰਧਾਨ ਰਾਕੇਸ਼ ਭਾਟੀਆ ਦੇ ਵਿਚਾਲੇ ਗੱਲਬਾਤ ਦੀਆਂ ਦੋ ਆਡੀਓ ਵਾਇਰਲ ਹੋਈਆਂ ਹਨ, ਜਿਨ੍ਹਾਂ ਵਿੱਚਇਹ ਮਹਿਲਾ ਅਤੇ ਭਾਟੀਆ ਪੰਜਾਬ ਕਾਰਜਕਾਰਨੀ ਲਿਸਟ ਉੱਤੇ ਹਾਈਕਮਾਨ ਦੇ ਫ਼ੈਸਲੇ ਬਾਰੇ ਗੱਲ ਕਰ ਰਹੇ ਹਨ ਅਤੇ ਇਸ ਦੌਰਾਨ ਧਰਮਸ਼ਾਲਾ ਲਿਜਾਣ ਦੀ ਗੱਲ ਵੀ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਜ਼ਿਲ੍ਹਾ ਭਾਜਪਾ ਪ੍ਰਧਾਨ ਰਾਕੇਸ਼ ਭਾਟੀਆ ਉੱਤੇ ਸ਼ਰਾਬ ਮਾਫੀਆ ਦੇ ਦੋਸ਼ਾਂ ਵਿੱਚ ਘਿਰੀ ਹੋਈ ਤ੍ਰਿਵੈਣੀ ਚੌਹਾਨ ਨਾਲ ਕਿਸੇ ਸਮਾਗਮ ਵਿੱਚ ਇਕੱਠੇ ਖੜੇ ਹੋਣ ਦੀਆਂ ਫੋਟੋਜ਼ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈਆਂ ਸਨ। ਇਸ ਪਿੱਛੋਂ ਕਾਂਗਰਸ ਨੂੰ ਗਰਮ ਮੁੱਦਾ ਮਿਲ ਗਿਆ ਸੀ। ਅੱਜ ਮਹਿਲਾ ਆਗੂ ਵੱਲੋਂ ਗੰਭੀਰ ਦੋਸ਼ ਲਾਏ ਜਾਣ ਨਾਲ ਭਾਟੀਆ ਦੀ ਪ੍ਰਧਾਨ ਦੀ ਕੁਰਸੀਖਤਰੇ ਵਿੱਚ ਪੈ ਗਈ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੰਨਿਆ ਕਿ ਸ਼ਿਕਾਇਤ ਉਨ੍ਹਾਂ ਕੋਲ ਪਹੁੰਚ ਚੁੱਕੀ ਹੈ ਅਤੇ ਇਸ ਦੀ ਜਾਂਚ ਬਟਾਲਾ ਦੇਭਾਜਪਾ ਇੰਚਾਰਜ ਨਰੇਸ਼ ਸ਼ਰਮਾ ਨੂੰ ਸੌਂਪੀ ਹੈ। ਜਾਂਚ ਵਿੱਚ ਜੋ ਪਤਾ ਲੱਗਾ, ਉਸ ਮੁਤਾਬਕਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਸ਼ਿਕਾਇਤ ਕਰਨ ਵਾਲੀ ਮਹਿਲਾ ਪੰਜਾਬ ਕਾਰਜਕਾਰਨੀ ਦੀ ਮੈਂਬਰ ਨਹੀਂ।ਇਸ ਦੌਰਾਨ ਦੋਸ਼ ਲਾਉਣ ਵਾਲੀ ਮਹਿਲਾ ਆਗੂ ਨੇ ਕਿਹਾ ਕਿ ਜੇ ਪਾਰਟੀ ਹਾਈਕਮਾਨ ਨੇ ਉਸ ਨੂੰ ਇਨਸਾਫ ਨਾ ਦਿੱਤਾ ਤਾਂ ਉਹ ਐੱਸ ਐੱਸ ਪੀ ਦਫ਼ਤਰ ਵਿਖੇ ਇਸ ਬਾਰੇ ਲਿਖਤੀ ਸ਼ਿਕਾਇਤ ਦੇਵੇਗੀ।

# ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋੜ੍ਹੀ ਹੈ!

## * ਬੁਲੰਦ ਸੁਰਾਂ ਵਾਲੇ ਪ੍ਰਸਿੱਧ ਸ਼ਾਇਰ ਰਾਹਤ ਇੰਦੌਰੀ ਦਾ ਦੇਹਾਂਤ

ਨਵੀਂ ਦਿੱਲੀ, 11 ਅਗਸਤ, (ਪੋਸਟ ਬਿਊਰੋ)-ਭਾਰਤ ਦੇ ਪ੍ਰਸਿੱਧ ਸ਼ਾਇਰ ਰਾਹਤ ਇੰਦੌਰੀ ਨਹੀਂ ਰਹੇ। ਉਹ ਅੱਜ ਏਥੇ ਅਰਬਿੰਦੋ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ ਨਾਲ ਚੱਲ ਵੱਸੇ। ਇਸ ਤੋਂ ਪਹਿਲਾ ਸ਼ਾਇਰ ਰਾਹਤ ਇੰਦੌਰੀ ਦੀ ਕੋਰੋਨਾ ਪਾਜ਼ੇਟਿਵ ਰਿਪੋਰਟ ਪਾਜ਼ੇਟਿਵ ਆਈ ਸੀ।

ਅਸਲ ਵਿੱਚ ਪ੍ਰਸਿੱਧ ਸ਼ਾਇਰ ਰਾਹਤ ਇੰਦੌਰੀ ਬੀਤੇ ਦਿਨੀਂ ਕੋਰੋਨਾ ਵਾਇਰਸ ਤੋਂ ਪੀੜਤ ਹੋ ਗਏ ਸਨ। ਇਸ ਦੇ ਬਾਅਦ ਉਨ੍ਹਾਂ ਨੇ ਖ਼ੁਦ ਟਵੀਟ ਕਰ ਕੇ ਕਿਹਾ ਸੀ, 'ਕੋਰੋਨਾ ਦੇ ਸ਼ੁਰੂ ਦੇ ਲੱਛਣ ਦਿਖਾਈ ਦੇਣ ਉੱਤੇ ਕੱਲ੍ਹ ਮੇਰਾ ਟੈਸਟ ਕੀਤਾ ਗਿਆ, ਜਿਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਆਰਬਿੰਦੋ ਹਸਪਤਾਲ ਵਿੱਚ ਐਡਮਿਟ ਹਾਂ। ਦੁਆ ਕਰੋ ਕਿ ਜਲਦੀਤੋਂ ਜਲਦੀ ਇਸ ਬਿਮਾਰੀ ਨੂੰ ਹਰਾ ਦੇਵਾਂ। ਇਕ ਹੋਰ ਬੇਨਤੀ ਹੈ ਕਿ ਮੈਨੂੰ ਜਾਂ ਮੇਰੇ ਘਰ ਦੇ ਮੈਂਬਰਾਂ ਨੂੰ ਫੋਨ ਨਾ ਕਰਨਾ, ਮੈਰੀ



ਖੈਰੀਅਤ ਟਵਿੱਟਰ ਤੇ ਫੇਸਬੁੱਕ ਉੱਤੇ ਤੁਹਾਨੂੰ ਮਿਲਦੀ ਰਹੇਗੀ।'

ਮਿਲੀ ਜਾਣਕਾਰੀ ਅਨੁਸਾਰ ਰਾਹਤ ਇੰਦੌਰੀ ਨੂੰ ਸ਼ੂਗਰ ਤੇ ਦਿਲ ਦੀ ਬਿਮਾਰੀ ਦੀ ਸਮੱਸਿਆ ਸੀ। ਪਿੱਛੇ ਜਿਹੇ ਉਨ੍ਹਾਂ ਨੂੰ ਨਮੂਨੀਆ ਦੇ ਕਾਰਨ ਉਨ੍ਹਾਂ ਦੇ ਫੇਫੜਿਆਂ ਵਿੱਚ ਇਨਫੈਕਸ਼ਨ ਹੋ ਗਈ ਸੀ। ਰਾਹਤ ਇੰਦੌਰੀ ਚਾਰ ਮਹੀਨਿਆਂ ਤੋਂ ਘਰ ਤੋਂ ਬਾਹਰ ਨਹੀਂ ਨਿਕਲੇ ਸਨ, ਸਿਰਫ ਬਾਕ-ਾਇਦਾ ਚੈੱਕਅਪ ਲਈ ਘਰੋਂ ਨਿਕਲਦੇ ਸਨ। ਉਹ ਚਾਰ ਪੰਜ ਦਿਨਾਂ ਤੋਂ ਬੇਚੈਨ ਸਨ। ਨਮੂਨੀਆ ਦੀ ਪੁਸ਼ਟੀ ਪਿੱਛੋਂ ਡਾਕ-ਟਰਾਂ ਦੀ ਸਲਾਹ ਉੱਤੇ ਫੇਫੜਿਆਂ ਦਾ ਐਕਸ-ਰੇ ਕੀਤਾ ਅਤੇਸੈਂਪਲ ਜਾਂਚ ਲਈ ਭੇਜੇ ਤਾਂ ਰਿਪੋਰਟ ਪਾਜ਼ਿਟਿਵ ਆਈ ਸੀ। ਉਨ੍ਹਾਂ ਦੇ ਦੋਵੇਂ ਫੇਫੜਿਆਂ ਵਿਚ ਨਿਮੋਨੀਆ ਹੋਣ ਨਾਲ ਸਾਹ ਦੀ ਮੁਸ਼ਕਲ ਕਾਰਨ ਆਈਸੀਯੂ ਵਿੱਚ ਰੱਖਿਆ ਗਿਆ ਸੀ, ਪਰ ਓਥੇ ਉਨ੍ਹਾਂ ਨੂੰ ਤਿੰਨ ਵਾਰ ਦਿਲ ਦਾ ਦੌਰਾ ਵੀ ਪਿਆ ਸੀ।

ਰਾਹਤ ਇੰਦੌਰੀ ਆਪਣੀਆਂ ਬੁਲੰਦ ਸੁਰਾਂ ਲਈ ਜਾਣੇ ਜਾਂਦੇ ਸਨ ਤੇ ਉਨ੍ਹਾਂ ਦੇ ਜਿਹੜੇ ਬੋਲ ਹਰ ਜ਼ਬਾਨ ਉੱਤੇ ਚੜ੍ਹਨ ਕਾਰਨ ਪਿਛਲੇ ਸਾਲ ਤੋਂ ਲਗਾਤਾਰ ਗੂੰਜ ਰਹੇ ਸਨ, ਉਹ ਇਸ ਤਰ੍ਹਾਂ ਸਨ:

ਲਗੇਗੀ ਆਗ, ਤੋਂ ਆਏਂਗੇ ਘਰ ਕਈ ਜ਼ਦ ਮੇਂ,<br>
ਯਹਾਂ ਪੇ ਸਿਰਫ ਹਮਾਰਾ ਮਕਾਨ ਥੋੜ੍ਹੀ ਹੈ।<br>
ਜੋ ਆਜ ਸਾਹਿਬੇ-ਮਸਨਦ ਹੈਂ, ਕੱਲ੍ਹ ਨਹੀਂ ਹੋਂਗੇ,<br>
ਕਿਰਾਏਦਾਰ ਹੈਂ, ਜ਼ਾਤੀ ਮਕਾਨ ਥੋੜ੍ਹੀ ਹੈ।<br>
ਸਭੀ ਕਾ ਖ਼ੂਨ ਹੈ ਸ਼ਾਮਿਲ, ਯਹਾਂ ਕੀ ਮਿੱਟੀ ਮੇਂ,<br>
ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋੜ੍ਹੀ ਹੈ।

(* ਸਾਹਿਬੇ-ਮਸਨਦ ਦਾ ਮਤਲਬ ਹੈ ਕਿ ਜੋ ਅੱਜ ਕੁਰਸੀ ਉੱਤੇ ਹਨ)

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਕੋਰੋਨਾ ਕਹਿਰ ਨੇ ਜੀਵਨ ਦੇ ਢੰਗ ਬਦਲੇ,
ਮੁਸ਼ਕਲ ਵਿੱਚ ਹਨ ਫਸੇ ਪਏ ਲੋਕ ਬੇਲੀ।
ਘਰ ਵਿੱਚ ਬੈਠਾ ਵੀ ਕੋਈ ਤਨਖਾਹ ਲੈਂਦਾ,
ਕਿਸੇ ਦੇ ਲੱਗੀ ਰੁਜ਼ਗਾਰ ਲਈ ਰੋਕ ਬੇਲੀ।
ਜਾਣਾ ਕਰਨ ਡਿਊਟੀ ਕੋਈ ਔਖ ਕਹਿੰਦਾ,
ਲੱਗ ਜਾਏ ਰੋਗ ਦੀ ਕਿਤੋਂ ਨਾ ਜੋਕ ਬੇਲੀ।
ਨਿਕਲਦਾ ਘਰੋਂ ਵੀ ਕੋਈ ਆ ਡਰੀ ਜਾਂਦਾ,
ਸਕਦਾ ਪੁਲਸੀਆ ਕਿਤੇ ਕੋਈ ਟੋਕ ਬੇਲੀ।
ਉੱਤੋਂ ਚਿਹਰਿਆਂ ਦੇ ਰੌਣਕ ਗਾਇਬ ਹੋਈ,
ਮੁਸਕੁਰਾਹਟ ਮਾਸਕਾਂ ਨੇ ਛੱਡੀ ਢੱਕ ਬੇਲੀ।
ਮੇਲ-ਮਿਲਾਪ ਤੇ ਸਾਂਝ ਹੈ ਖਤਮ ਹੋ ਗਈ,
ਸਮਾਜਕਜੋੜ ਦਾ ਟੁੱਟ ਗਿਆ ਲੱਕ ਬੇਲੀ।

**ਤੀਸ ਮਾਰ ਖਾਂ**

# ਸੁਰੱਖਿਆ ਦੇ ਮੁੱਦੇ ਤੋਂ ਅਮਰਿੰਦਰ ਸਿੰਘ ਤੇ ਬਾਜਵਾ ਜਨਤਕ ਤੌਰ ਉੱਤੇ ਭਿੜਨ ਲੱਗੇ

*** ਬਾਜਵਾ ਵਲੋਂ ਡੀ ਜੀ ਪੀ ਦਿਨਕਰ ਗੁਪਤਾ ਨੂੰ ਚਿਤਾਵਨੀ * ਡੀ ਜੀ ਪੀ ਦੇ ਬਜਾਏ ਕੈਪਟਨ ਵੱਲੋਂ ਬਾਜਵਾ ਨੂੰ ਮੋੜਵਾਂ ਜਵਾਬ**



ਚੰਡੀਗੜ੍ਹ, 11 ਅਗਸਤ, (ਪੋਸਟ ਬਿਊਰੋ)-ਪੰਜਾਬ ਸਰਕਾਰ ਵੱਲੋਂ ਆਪਣੀ ਸੁਰੱਖਿਆ ਹਟਾਏ ਜਾਣ ਮਗਰੋਂ ਭੜਕੇ ਹੋਏ ਕਾਂਗਰਸੀ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੂੰ ਚਿੱਠੀ ਲਿਖ ਕੇ ਉਸ ਦੀ ਨਿਰਪੱਖਤਾ ਉੱਤੇ ਉਂਗਲ ਚੁੱਕੀ ਤਾਂ ਇਸ ਤੋਂ ਨਾਰਾਜ਼ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪ੍ਰਤਾਪ ਸਿੰਘ ਬਾਜਵਾ ਨੂੰ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਬਾਜਵਾ ਨੂੰ ਪੰਜਾਬ ਸਰਕਾਰ ਦੇ ਖ਼ਿਲਾਫ਼ ਕੋਈ ਸ਼ਿਕਾਇਤ ਹੈ ਤਾਂ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨਾਲ ਸੰਪਰਕ ਕਰਨ ਜਾਂ ਕਾਂਗਰਸ ਹਾਈ ਕਮਾਨ ਕੋਲ ਪਹੁੰਚ ਕਰਨ। ਉਨ੍ਹਾਂ ਨੇ ਕਿਹਾ ਕਿ ਚਿੱਠੀ ਲਿਖਣ ਨਾਲ ਤਾਂ ਬਾਜਵਾ ਦੀ ਬੁਖਲਾਹਟ ਅਤੇ ਉਨ੍ਹਾਂ ਦਾ ਝੂਠ ਸਭ ਦੇ ਸਾਹਮਣੇ ਆ ਗਿਆ ਹੈ।

ਇਸ ਤੋਂ ਪਹਿਲਾਂ ਆਪਣੀ ਸੁਰੱਖਿਆ ਹਟਾਏ ਜਾਣ ਬਾਰੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਪੱਤਰ ਲਿਖ ਕੇ ਪੁਲਸ ਮੁਖੀ ਵਜੋਂ ਉਸ ਦੇ ਅਸਲ ਫਰਜ਼ ਯਾਦ ਕਰਾਏ ਤੇ ਕਿਹਾ ਸੀ ਕਿ ਪੰਜਾਬ ਪੁਲਸ ਵੱਲੋਂ ਉਨ੍ਹਾਂ ਦੀ ਸੁਰੱਖਿਆ ਹਟਾਉਣ ਦੀ ਕਾਰਵਾਈ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਨੇ ਪੰਜਾਬ ਪੁਲਸ ਦੇ ਮੁਖੀ ਨੂੰ ਚਿਤਾਵਨੀ ਦਿੱਤੀ ਸੀਕਿ ਜੇ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਕਿਸੇ ਪਰਿਵਾਰਕ ਮੈਂਬਰ ਦਾ ਨੁਕਸਾਨ ਹੋਇਆ ਤਾਂ ਇਸ ਦੇ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਡੀ ਜੀ ਪੀ ਦਿਨਕਰ ਗੁਪਤਾ ਜ਼ਿੰਮੇਵਾਰ ਹੋਣਗੇ। ਉਨ੍ਹਾ ਨੇ ਲਿਖਿਆ ਹੈ ਕਿ ਉਹ ਇਹ ਪੱਤਰ ਆਪਣੀ ਸੁਰੱਖਿਆ ਬਹਾਲ ਕਰਨ ਲਈ ਨਹੀਂ ਲਿਖ ਰਹੇ, ਸਗੋਂਡੀ ਜੀ ਪੀ ਨੂੰ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਨੇ ਆਈ ਪੀ ਐਸ ਅਫਸਰ ਅਤੇ ਪੁਲਸ ਮੁਖੀ ਵਜੋਂ ਆਪਣੇ ਫਰਜ਼ਾਂ ਦੀ ਸਹੀ ਪਾਲਣਾ ਨਹੀਂ ਕੀਤੀ ਤੇ ਸਰਕਾਰ ਵੱਲੋਂ ਉਨ੍ਹਾਂ ਦੀ ਸੁਰੱਖਿਆ ਜਾਂਚ ਦੀ ਝੂਠੀ ਤੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਰਿਪੋਰਟ ਉੱਤੇ ਕਾਰਵਾਈ ਕੀਤੀ ਹੈ। ਬਾਜਵਾ ਨੇ ਡੀ ਜੀ ਪੀ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਸਤਨਾਮ ਸਿੰਘ ਬਾਜਵਾ ਨੇ ਖਾੜਕੂਵਾਦ ਵਿਰੁੱਧ ਲੜਾਈ ਵਿਚ ਜਾਨ ਦਿੱਤੀ ਸੀ ਅਤੇ 1990 ਵਿਚ ਖੁਦ ਉਨ੍ਹਾਂ ਉੱਤੇ ਹਮਲਾ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਨੇ ਪੂਰੇ ਵਿਸ਼ਲੇਸ਼ਣ ਪਿੱਛੋਂ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਉਨ੍ਹਾਂ ਨੂੰ ਵਾਧੂ ਸੁਰੱਖਿਆ ਦਿੱਤੀ ਸੀ, ਪਰ ਜੁਲਾਈ 2019 ਵਿੱਚ ਗ੍ਰਹਿ ਮੰਤਰਾਲੇ ਨੇ ਕੇਂਦਰੀ ਸੁਰੱਖਿਆ ਵਾਪਸ ਲੈ ਲਈ ਸੀ। ਉਨ੍ਹਾਂ ਕਿਹਾ ਕਿ ਰਾਜ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਵੱਲੋਂ ਇਸ ਬਾਰੇ ਪੱਤਰ ਲਿਖੇ ਜਾਣ ਪਿੱਛੋਂ ਮਾਰਚ 2020 ਵਿਚ ਕੇਂਦਰੀ ਸੁਰੱਖਿਆ ਬਹਾਲ ਕੀਤੀ ਗਈ ਸੀ।

ਪ੍ਰਤਾਪ ਸਿੰਘ ਬਾਜਵਾ ਨੇਕਿਹਾ ਕਿ ਉਹ ਪੰਜਾਬ ਵਿੱਚ ਨਸ਼ਾ, ਸ਼ਰਾਬ ਤੇ ਮਾਈਨਿੰਗ ਮਾਫੀਆ, ਕਈ ਬੁਰਾਈਆਂ, ਬੇਇਨਸਾਫੀਆਂ ਤੇ ਧੱਕੇਸ਼ਾਹੀ ਵਿਰੁੱਧ ਲਗਾਤਾਰ ਆਵਾਜ਼ ਉਠਾਰਹੇ ਹਨ ਤੇ ਪਿਛਲੇ ਸਾਲਾਂ ਦੌਰਾਨ ਕਈ ਰਿਪੋਰਟਾਂ ਵਿਚ ਉਨ੍ਹਾਂ ਨੂੰ ਖਤਰੇ ਦੀ ਪੁਸ਼ਟੀ ਕੀਤੀ ਗਈ ਹੈ, ਪਰ ਪੰਜਾਬ ਵਿੱਚ ਉਨ੍ਹਾਂ ਨੂੰ ਖਤਰਾ ਨਾ ਹੋਣ ਦੇ ਜਾਅਲੀ ਮੁਲੰਕਣ ਉੱਤੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਤੋਂ ਸਿੱਧ ਹੋ ਗਿਆ ਕਿ ਪੰਜਾਬ ਪੁਲਸ ਦਾ ਢਾਂਚਾ ਮੁੱਖ ਮੰਤਰੀ ਦੀ ਮਰਜ਼ੀ ਲਈ ਕੰਮ ਕਰਦਾ ਹੈ ਤੇ ਪੁਲਸ ਸਿਰਫ ਮੁੱਖ ਮੰਤਰੀ ਦੀ ਸਹੂਲਤ ਅਤੇ ਮਰਜ਼ੀ ਅਨੁਸਾਰ ਕਿਸੇ ਖਿਲਾਫ ਝੂਠੀਆਂ ਰਿਪੋਰਟਾਂ ਬਣਾ ਰਹੀ ਹੈ। ਉਨ੍ਹਾਂ ਡੀ ਜੀ ਪੀ ਨੂੰ ਸਵਾਲ ਕੀਤਾ ਹੈ ਕਿ ਕੇਂਦਰੀ ਸੁਰੱਖਿਆ ਕਵਰ ਦੀ ਆੜ ਹੇਠ ਜੇ ਪੰਜਾਬ ਵਿੱਚਮੇਰੀ ਸੁਰੱਖਿਆ ਹਟਾਈਹੈ ਤਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਪੰਜਾਬ ਪੁਲਸ ਸੁਰੱਖਿਆ ਵਾਪਸ ਕਿਉਂਨਹੀਂ ਲਈ, ਇਹ ਅਕਾਲੀ ਆਗੂ ਵੀ ਕੇਂਦਰੀ ਸੁਰੱਖਿਆ ਦੇ ਨਾਲ ਪੰਜਾਬ ਪੁਲਸ ਦੀ ਸੁਰੱਖਿਆ ਨਾਲ ਲੈਸ ਹਨ।

ਖੁਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਦੇ ਪੱਤਰ ਦੇ ਜਵਾਬ ਦੇਂਦਿਆਂ ਕਿਹਾ ਹੈ ਕਿ ਬਾਜਵਾ ਦੇ ਕਹਿਣ ਮੁਤਾਬਕ ਉਹ ਸਿਆਸੀ-ਪੁਲਸ-ਨਸ਼ੇ ਦਾ ਗਠਜੋੜ, ਨਾਜਾਇਜ਼ ਸ਼ਰਾਬ ਦਾ ਉਤਪਾਦਨ ਅਤੇ ਵੰਡ ਅਤੇ ਨਾਜਾਇਜ਼ ਮਾਈਨਿੰਗ ਖ਼ਿਲਾਫ਼ ਆਵਾਜ਼ ਚੁੱਕ ਰਹੇ ਹਨ। ਜੇ ਸਰਕਾਰ ਨੇ ਬਾਜਵਾ ਖ਼ਿਲਾਫ਼ ਬਦਲਾ ਲਊ ਕਾਰਵਾਈ ਕਰਨੀ ਹੁੰਦੀ ਤਾਂ ਉਸ ਨੂੰ ਕੇਂਦਰ ਵਲੋਂ ਸੁਰੱਖਿਆ ਮਿਲਣ ਦੀ ਉਡੀਕ ਨਹੀਂ ਸੀਕਰਨੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੀਸਰਕਾਰ ਉੱਤੇ ਬਦਲਾਖੋਰੀ ਦੇ ਕੋਈਦੋਸ਼ਨਹੀਂ ਲਾਉਂਦੀਆਂ। ਉਨ੍ਹਾਂ ਕਿਹਾ ਕਿ ਬਾਜਵਾ ਦੀ ਪੰਜਾਬ ਪੁਲਸ ਸੁਰੱਖਿਆ ਹਟਾਉਣ ਦਾ ਫੈਸਲਾ ਗ੍ਰਹਿ ਮੰਤਰੀ ਵਜੋਂ ਖੁਦ ਉਨ੍ਹਾਂ ਨੇ ਪੰਜਾਬ ਪੁਲਸ ਤੋਂ ਮਿਲੀ ਇੰਟੈਲੀਜੈਂਸ ਸੂਚਨਾ ਉੱਤੇ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਡੀ ਜੀ ਪੀਉੱਤੇ ਬਾਜਵਾ ਦਾ ਨਿੱਜੀ ਹਮਲਾ ਕਰਨਾ ਗ਼ਲਤ ਹੈ ਅਤੇ ਕਾਂ-ਗਰਸ ਪਾਰਟੀ, ਜਿਸ ਦੇ ਬਾਜਵਾ ਖੁਦ ਸੀਨੀਅਰ ਮੈਂਬਰ ਹਨ, ਦੀਆਂ ਰਵਾਇਤਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਜੇ ਬਾਜਵਾ ਨੂੰ ਮੇਰੇ ਤੇ ਮੇਰੀ ਸਰਕਾਰ ਉੱਤੇ ਭਰੋਸਾ ਨਹੀਂਤਾਂ ਉਨ੍ਹਾਂ ਨੇ ਪਾਰਟੀ ਹਾਈ ਕਮਾਨ ਤੱਕ ਪਹੁੰਚ ਕਰ ਕੇ ਆਪਣੇ ਸ਼ਿਕਵੇ ਉਨ੍ਹਾਂ ਅੱਗੇ ਕਿਉਂਨਾ ਰੱਖੇ? ਕੀ ਉਨ੍ਹਾਂ ਨੂੰ ਪਾਰਟੀ ਹਾਈ ਕਮਾਨ ਉੱਤੇ ਵੀ ਭਰੋਸਾਨਹੀਂ? ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬੀਤੇ ਦਿਨੀਂਉਨ੍ਹਾਂ ਨੇਸਥਿਤੀ ਸਾਫ ਕਰ ਦਿੱਤੀ ਸੀ, ਇਸ ਦੇ ਬਾਵਜੂਦ ਬਾਜਵਾ ਵਲੋਂਡੀ ਜੀ ਪੀ ਉੱਤੇ ਨਿਸ਼ਾਨਾ ਸਾਧੇ ਜਾਣ ਨੇ ਉਨ੍ਹਾਂ ਨੂੰ ਉਹੀ ਗੱਲ ਦੁਹਰਾਉਣ ਲਈ ਮਜਬੂਰ ਕੀਤਾ ਹੈ, ਜੋ ਉਨ੍ਹਾਂ ਨੇ ਪਹਿਲਾਂ ਸਪੱਸ਼ਟ ਕਰ ਦਿੱਤੀ ਸੀ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਬਾਜਵਾ ਇਕੱਲੇ ਨਹੀਂ, ਜਿਨ੍ਹਾਂ ਦੀ ਸੁਰੱਖਿਆ ਕੋਵਿਡ ਦੀ ਬਿਮਾਰੀ ਉੱਭਰਨਪਿੱਛੋਂਹਟਾਈ ਹੈ, ਇਸੇ ਕਾਰਨ 6500 ਪੁਲਸ ਮੁਲਾਜ਼ਮ ਪੂਰੇ ਸੂਬੇ ਵਿਚ ਸੁਰੱਖਿਆ ਡਿਊਟੀਤੋਂ ਵਾਪਸ ਲਏ ਸਨ, ਬਾਜਵਾ ਦੇ ਸੁਰੱਖਿਆ ਕਰਮੀਆਂ ਦੀ ਗਿਣਤੀ ਸਿਰਫ਼ 6 ਘਟਾਈ ਹੈ ਤੇ ਬਾਜਵਾ ਦੀ ਪੰਜਾਬ ਪੁਲਸ ਦੀ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਉਨ੍ਹਾ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਜ਼ੈਡ ਸੁਰੱਖਿਆ ਹੇਠ ਸੀ ਆਈ ਐੱਸ ਐੱਫਵਲੋਂ 25 ਸੁਰੱਖਿਆ ਮੁਲਾਜ਼ਮ (ਸਮੇਤ ਦੋ ਐਸਕਾਰਟ ਡਰਾਈਵਰ ਅਤੇ ਇਕ ਸਕਾਰਪੀਓ ਕਾਰ) ਦੇਣ ਪਿੱਛੋਂ ਲਿਆ ਹੈ। ਉਨ੍ਹਾ ਕਿਹਾ ਕਿ ਬਾਜਵਾ ਨਿੱਜੀ ਸੁਰੱਖਿਆ ਨੂੰ ਵਕਾਰ ਦਾ ਸਵਾਲ ਬਣਾ ਰਿਹਾ ਹੈ ਅਤੇ ਲੱਗਦਾ ਹੈ ਕਿ ਉਸ ਦੀ ਹਉਮੈ ਇਸ ਨਾਲ ਸੰਤੁਸ਼ਟ ਹੋਣੀ ਚਾਹੀਦੀ ਹੈ ਕਿ ਉਸ ਕੋਲ 25 ਤੋਂ ਵੱਧ ਸੀ ਆਈ ਐੱਸ ਐੱਫ ਮੁਲਾਜ਼ਮ ਹਨ। ਉਨ੍ਹਾਂ ਕਿਹਾ ਕਿ ਇਹ ਸੱਚ ਹੈ ਕਿ 2019 ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਸੀ ਕਿ ਬਾਜਵਾ ਨੂੰ ਕੋਈ ਜ਼ੈਡ ਸੁਰੱਖਿਆ ਦੀ ਲੋੜ ਨਹੀਂ, ਕਿਉਂਕਿ ਉਸ ਨੂੰ ਕੋਈ ਵਿਸ਼ੇਸ਼ ਖਤਰਾ ਦੱਸਣ ਵਾਲਾ ਕੋਈ ਇਨਪੁੱਟ ਹੀ ਨਹੀਂ ਹੈ।

# ਸੰਜੇ ਦੱਤ ਨੂੰ ਸਟੇਜ-3 ਦਾ ਫੇਫੜਿਆਂ ਦਾ ਕੈਂਸਰ

*** ਇਲਾਜ ਲਈ ਅਚਾਨਕ ਅਮਰੀਕਾ ਜਾਣਾ ਪਿਆ**



ਮੁੰਬਈ, 11 ਅਗਸਤ, (ਪੋਸਟ ਬਿਊਰੋ)-ਭਾਰਤੀ ਫਿਲਮ ਜਗਤ ਦੇ ਪ੍ਰਸਿੱਧ ਹੀਰੋ ਸੰਜੇ ਦੱਤ ਨੂੰ ਸਟੇਜ-3 ਫੇਫੜਿਆਂ ਦਾ ਕੈਂਸਰ ਹੋਣ ਦਾ ਪਤਾ ਲੱਗਾ ਹੈ। ਉਨ੍ਹਾ ਨੂੰ ਸਟੇਜ-3 ਲੰਗ ਕੈਂਸਰ ਬਾਰੇ ਉਨ੍ਹਾਂ ਦੇ ਇਕ ਨੇੜਲੇ ਦੋਸਤ ਨੇ ਖ਼ੁਲਾਸਾ ਕੀਤਾ ਹੈ। ਸੰਜੇ ਦੋ ਦਿਨ ਪਹਿਲਾਂ ਲੀਲਾਵਤੀ ਹਸਪਤਾਲ ਵਿੱਚ ਦਾਖ਼ਲ ਹੋਏ ਸਨ, ਜਦੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਸ਼ਿਕਾਇਤ ਸੀ। ਇਸ ਪਿੱਛੋਂ ਉਨ੍ਹਾਂ ਦਾ ਕੋਰੋਨਾ ਟੈਸਟ ਕੀਤਾ ਤਾਂ ਨੈਗੇਟਿਵ ਆਇਆ, ਪਰ ਜਦੋਂ ਲੰਗ ਕੈਂਸਰ ਵਾਲੀ ਖ਼ਬਰ ਸਾਹਮਣੇ ਆਈ ਤਾਂ ਉਹ ਇਲਾਜ ਲਈ ਅਮਰੀਕਾ ਰਵਾਨਾ ਹੋ ਗਏ ਹਨ।

ਫਿਲਮ ਸਮੀਖਿਅਕ ਕੋਮਲ ਨਾਹਟਾ ਤੇ ਅਭਿਨੇਤਾ ਸ਼ੇਖਰ ਸੁਮਨ ਦੇ ਬੇਟੇ ਅਧਿਐਨ ਸੁਮਨ ਨੇ ਟਵੀਟ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸੰਜੇ ਦੱਤ ਨੂੰ ਫੇਫੜਿਆਂ ਦਾ ਕੈਂਸਰ ਹੈ। ਅਧਿਐਨ ਸੁਮਨ ਨੇ ਮੰਗਲਵਾਰ ਆਪਣੇ ਟਵਿੱਟਰਉੱਤੇ ਲਿਖਿਆ, 'ਸੰਜੂ ਸਰ ਨੂੰ ਫੇਫੜੇ ਦੇ ਕੈਂਸਰ ਦਾ ਪਤਾ ਲੱਗਾ ਹੈ।' ਇਸ ਤੋਂ ਪਹਿਲਾਂ ਸੰਜੇ ਨੇ ਅੱਜ ਆਪਣੇ ਇੰਸਟਗ੍ਰਾਮ ਉੱਤੇ ਇਕ ਨੋਟ ਪੋਸਟ ਕਰ ਕੇ ਕਿਹਾ ਸੀ ਕਿ ਉਹ ਕੁਝ ਇਲਾਜ ਲਈ ਕੰਮ ਤੋਂ ਛੁੱਟੀ ਲੈ ਰਹੇ ਹਨ। ਸੰਜੇ ਨੇ ਲਿਖਿਆ, 'ਹਾਇ ਦੋਸਤੋ! ਮੈਂ ਕੁਝ ਮੈਡੀਕਲ ਟ੍ਰੀਟਮੈਂਟ ਲਈ ਕੰਮ ਤੋਂ ਥੋੜ੍ਹਾ ਬ੍ਰੇਕ ਲੈ ਰਿਹਾ ਹਾਂ। ਮੇਰਾ ਪਰਿਵਾਰ ਤੇ ਦੋਸਤ ਮੇਰੇ ਨਾਲ ਹਨ ਅਤੇ ਮੈਂ ਆਪਣੇ ਸ਼ੁੱਭਚਿੰਤਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਚਿੰਤਾ ਨਾ ਕਰਨ ਜਾਂ ਗ਼ੈਰ ਜ਼ਰੂਰੀ ਤੌਰ ਉੱਤੇਕਿਆਫੇ ਨਾ ਲਾਉਣ। ਤੁਹਾਡੇ ਪਿਆਰ ਅਤੇ ਸ਼ੁੱਭ ਕਾਮਨਾਵਾਂ ਦੇ ਨਾਲ ਮੈਂ ਜਲਦੀ ਵਾਪਸ ਆਵਾਂਗਾ।'

# ਮਜੀਠੀਏ ਵੱਲੋਂ ਐੱਸ ਐੱਸ ਪੀ ਅੰਮ੍ਰਿਤਸਰ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ



ਅੰਮ੍ਰਿਤਸਰ, 11 ਅਗਸਤ, (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇਅੰਮ੍ਰਿਤਸਰ ਜ਼ਿਲਾ ਦਿਹਾਤੀ ਦੇ ਐਸਐਸਪੀ ਧਰੁਵ ਦਾਹੀਆ ਉੱਤੇ ਤਰਨਤਾਰਨ ਦਾ ਐੱਸ ਐੱਸ ਪੀਹੋਣ ਸਮੇਂਉਸ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 100 ਤੋਂ ਵੱਧ ਲੋਕਾਂ ਦੀਆਂ ਮੌਤਾਂ ਦੌਰਾਨਨਿਭਾਈ ਭੂਮਿਕਾ ਬਾਰੇ ਸੀਬੀਆਈ ਵੱਲੋਂ ਕੇਸ ਦਰਜ ਕਰ ਕੇ ਜਾਂਚ ਕਰਨ ਦੀ ਮੰਗ ਕਰ ਦਿੱਤੀ ਹੈ।

ਅੱਜ ਏਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਇਆ ਕਿ ਇਸ ਪੁਲਿਸ ਅਫਸਰ ਨੇ ਲੋਕਾਂ ਵੱਲੋਂ ਸਬੂਤ ਦੇਣ ਦੇ ਬਾਵਜੂਦ ਸ਼ਰਾਬ ਮਾਫੀਆ ਦੇ ਖਿਲਾਫ ਕਾਰਵਾਈ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਉਸ ਨੂੰ ਸਸਪੈਂਡ ਜਾਂ ਨੌਕਰੀ ਤੋਂ ਬਰਖ਼ਾਸਤ ਕਰ ਦੇਣਾ ਚਾਹੀਦਾ ਸੀ, ਪਰ ਇਸ ਦੀ ਥਾਂ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਲਾ ਕੇ ਸ਼ਾਬਾਸ਼ ਦਿੱਤੀ ਗਈ ਹੈ। ਮਜੀਠੀਆ ਨੇ ਕਿਹਾ ਕਿ ਪੰਜਾਬ ਦੇ ਡੀਜੀਪੀ ਦਿਨਕਰ ਇਹ ਗੁਪਤਾ ਦੱਸਣ ਕਿ ਧਰੁਵ ਦਾਹੀਆ ਉਨ੍ਹਾ ਦਾ ਚਹੇਤਾ ਕਿਉਂ ਹੈ ਤੇ ਇਹ ਵੀ ਦੱਸਣ ਕਿ ਤੀਜੀ ਵਾਰ ਐੱਸ ਐੱਸ ਪੀ ਲੱਗ ਕੇ ਦਾਹੀਆ ਨੇ ਕਿਹੜਾ ਚੰਗਾ ਕੰਮ ਕੀਤਾ ਹੈ। ਮਜੀਠੀਆ ਨੇ ਕਿਹਾ ਕਿ ਸਿਰਫ ਸੀਬੀ ਆਈ ਜਾਂਚ ਨਾਲ ਕਾਂਗਰਸੀ ਸ਼ਰਾਬ ਮਾਫੀਆ ਨਾਲ ਐਸਐਸਪੀ ਦਾਹੀਆ ਦੇ ਸੰਬੰਧਦਾਪਤਾ ਲੱਗ ਸਕਦਾ ਹੈ ਤੇ ਜੇਏਦਾਂ ਹੋਇਆ ਤਾਂ ਦਾਹੀਆ ਦੇ ਸਿਰਫ ਚੰਡੀਗੜ ਨਹੀਂ, ਬਲਕਿ 10 ਜਨਪਥ (ਜਿੱਥੇ ਸੋਨੀਆ ਗਾਂਧੀ ਦੀ ਰਿਹਾਇਸ਼ ਹੈ) ਨਾਲ ਸੰਬੰਧਾਂ ਦਾ ਵੀ ਪਤਾ ਲੱਗ ਜਾਵੇਗਾ।

ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਧਰੁਵ ਦਾਹੀਆ ਬਾਰੇ ਕਿਹਾ ਕਿ ਖੰਨਾ ਵਿੱਚ ਪੁਲਸ ਮੁਖੀ ਹੋਣ ਵੇਲੇ ਇਸ ਨੇ ਇੱਕ ਈਸਾਈ ਫਾਦਰ ਦੇ ਘਰੋਂ ਸੋਲਾਂ ਕਰੋੜ ਰੁਪਏ ਜਲੰਧਰ ਤੋਂ ਬਰਾਮਦ ਕਰਕੇ ਖੰਨਾ ਤੋਂਫੜੇ ਦਿਖਾਏ ਸਨ ਤੇ ਉਸ ਵਿੱਚੋਂ ਛੇ ਕਰੋੜ ਰੁਪਏ ਗਬਨ ਕੀਤਾ ਸੀ, ਜਿਸ ਵਿੱਚੋਂ ਡੇਢ ਕਰੋੜ ਦੀ ਰਿਕਵਰੀ ਐਸਐਸ ਪੀ ਦਾਹੀਆ ਤੋਂ ਹੋਣੀ ਅਜੇ ਬਾਕੀ ਹੈ, ਪਰ ਇਸ ਬਾਰੇ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਦੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ।

# ਰੂਸ ਵੱਲੋਂ ਕੋਰੋਨਾ ਦੀ ਪਹਿਲੀ ਵੈਕਸੀਨ ਮਿਲਣ ਦਾ ਦਾਅਵਾ

*** ਰਾਸ਼ਟਰਪਤੀ ਪੂਤਿਨ ਦੀ ਧੀ ਨੂੰ ਵੈਕਸੀਨ ਲਾਈ ਗਈ**



ਮਾਸਕੋ, 11 ਅਗਸਤ, (ਪੋਸਟ ਬਿਊਰੋ)-ਕੋਰੋਨਾ ਵਾਇਰਸ ਦੀ ਵੈਕਸੀਨ ਦੀ ਦਿਸ਼ਾ ਵਿੱਚਰੂਸ ਨੂੰਵੱਡੀ ਸਫਲਤਾ ਮਿਲੀ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿੱਚਬਣਾਈ ਕੋਰੋਨਾਵਾਇਰਸ ਵੈਕਸੀਨ ਆਮ ਲੋਕਾਂ ਦੀ ਵਰਤੋਂ ਲਈ ਰਜਿਸਟਰ ਕੀਤੀ ਗਈ ਹੈ ਤੇ ਉਨ੍ਹਾਂ ਦੀ ਬੇਟੀ ਨੂੰ ਵੀ ਲਾਈ ਗਈ ਹੈ।

ਇੱਕ ਖਬਰ ਏਜੰਸੀ ਅਨੁਸਾਰ ਅੱਜ ਮੰਗਲਵਾਰ ਨੂੰ ਸਰਕਾਰੀ ਅਧਿਕਾਰੀਆਂ ਦੀ ਬੈਠਕ ਵਿੱਚ ਪੂਤਿਨ ਨੇ ਕਿਹਾ ਕਿ ਟੈਸਟ ਦੌਰਾਨ ਵੈਕਸੀਨ ਠੀਕ ਸਾਬਤ ਹੋਈ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਵੈਕਸੀਨ ਜ਼ਰੂਰੀ ਟੈਸਟਾਂਤੋਂ ਲੰਘ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਸ ਦੀਆਂ ਦੋ ਧੀਆਂ ਵਿੱਚੋਂ ਇੱਕ ਨੂੰ ਵੈਕਸੀਨ ਦਾ ਟੀਕਾ ਲਾਇਆ ਹੈ ਤੇ ਉਹ ਠੀਕ ਮਹਿਸੂਸ ਕਰ ਰਹੀ ਹੈ। ਰੂਸੀ ਅਧਿਕਾਰੀਆਂ ਨੇ ਕਿਹਾ ਹੈ ਕਿ ਮੈਡੀਕਲ ਸਟਾਫ ਤੇ ਅਧਿਆਪਕਾਂ ਨੂੰ ਪਹਿਲਾਂ ਟੀਕਾ ਲਾਇਆ ਜਾਵੇਗਾ।

ਵਰਨਣ ਯੋਗ ਹੈ ਕਿ ਦੁਨੀਆ ਭਰ ਵਿੱਚ ਕੋਰੋਨਾ ਵਾਇਰਸ ਦੇ ਕੇਸ ਦੋ ਕਰੋੜ ਤੋਂ ਵਧ ਚੁੱਕੇ ਹਨ। ਇਸ ਦੇ ਕੁਲ ਦੋ ਤਿਹਾਈ ਕੇਸ ਅਮਰੀਕਾ, ਭਾਰਤ ਅਤੇ ਬ੍ਰਾਜ਼ੀਲ ਵਿੱਚ ਹਨ। ਸਿਹਤ ਅਧਿਕਾਰੀਆਂ ਮੁਤਾ-ਬਕ ਘੱਟੋ ਘੱਟ 40 ਫੀਸਦੀ ਲੋਕਾਂ ਵਿੱਚ ਸੀਮਤ ਸਕ੍ਰੀਨਿੰਗ ਤੇ ਕੋਵਿਡ-19 ਦੇ ਕੋਈ ਲੱਛਣ ਨਾ ਹੋਣ ਕਾਰਨ ਅਸਲ ਅੰਕੜਾ ਇਸ ਤੋਂਵੱਧ ਹੋ ਸਕਦਾ ਹੈ।

# ਚੋਣ ਗੜਬੜ ਦਾ ਹੰਗਾਮਾ ਮੱਚਣ ਪਿੱਛੋਂ ਬੇਲਾਰੂਸ ਦੀ ਵਿਰੋਧੀ ਨੇਤਾ ਸਵੇਤਲਾਨਾ ਨੇ ਦੇਸ਼ ਛੱਡਿਆ



ਮਿੰਸਕ, 11 ਅਗਸਤ, (ਪੋਸਟ ਬਿਊਰੋ)-ਬੇਲਾਰੂਸ ਵਿੱਚ ਐਤਵਾਰ ਨੂੰ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਅਲੈਗਜ਼ੈਂਡਰ ਲੁਕਾਸ਼ੈਂਕੋ ਦੀ ਭਾਰੀ ਜਿੱਤ ਪਿੱਛੋਂ ਉਨ੍ਹਾਂ ਨੂੰ ਚੁਣੌਤੀ ਦੇਣ ਵਾਲੀ ਨੌਜਵਾਨ ਮਹਿਲਾ ਆਗੂ ਸਵੇਤਲਾਨਾ ਲਿਖਾਨੋਵਸਕਾਇਆ ਨੇ ਅੱਜ ਆਪਣਾ ਦੇਸ਼ ਛੱਡ ਦਿੱਤਾ ਹੈ। ਗੁਆਂਢੀ ਦੇਸ਼ ਲਿਥੁਆਨੀਆ ਦੇ ਵਿਦੇਸ਼ ਮੰਤਰੀ ਲਿਨਾਸ ਲਿੰਕੇਵਿਸੀਅਸ ਨੇ ਇਸ ਬਾਰੇ ਦੱਸਿਆ ਕਿ ਸਵੇਤਲਾਨਾ ਉਨ੍ਹਾਂ ਦੇ ਦੇਸ਼ ਵਿੱਚ ਸੁਰੱਖਿਅਤ ਹਨ।

ਅਲੈਗਜ਼ੈਂਡਰ ਲੁਕਾਸ਼ੈਂਕੋ ਬੀਤੇ 26 ਸਾਲਾਂਤੋਂਬੇਲਾਰੂਸ ਦੇ ਰਾਸ਼ਟਰਪਤੀ ਹਨ ਅਤੇ ਵਿਰੋਧੀਆਂ ਦਾ ਕਹਿਣਾ ਹੈ ਕਿ ਉਹ ਇਸ ਵਾਰ ਚੋਣਾਂ ਵਿੱਚ ਹੇਰਾਫੇਰੀ ਕਰਨ ਨਾਲ ਜਿੱਤੇ ਹਨ। ਚੋਣ ਕਮਿਸ਼ਨ ਮੁਤਾਬਕ ਉਨ੍ਹਾਂ ਨੂੰ 80 ਫ਼ੀਸਦੀ ਤੋਂਵੱਧ ਵੋਟਾਂ ਮਿਲੀਆਂ ਹਨ। ਇਨ੍ਹਾਂ ਨਤੀਜਿਆਂ ਦਾ ਐਲਾਨ ਹੁੰਦੇ ਸਾਰ ਇਸ ਦੇ ਵਿਰੁੱਧ ਹਜ਼ਾਰਾਂ ਲੋਕ ਸੜਕਾਂ ਉੱਤੇ ਉਤਰ ਆਏ ਸਨ ਅਤੇ ਪੁਲਿਸ ਨਾਲ ਝੜਪ ਵਿੱਚ ਇਕ ਪ੍ਰਦਰਸ਼ਨਕਾਰੀ ਦੀ ਮੌਤ ਹੋ ਗਈ ਸੀ। ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਸਵੇਤਲਾਨਾ ਦੇ ਦੇਸ਼ ਛੱਡਣ ਦੀ ਮੁੱਖ ਵਜ੍ਹਾ ਗ੍ਰਿਫ਼ਤਾਰੀ ਦਾ ਸ਼ੱਕ ਦੱਸਿਆ ਜਾ ਰਿਹਾ ਹੈ।

ਦੂਸਰੇ ਪਾਸੇ ਅਮਰੀਕਾ ਦਾ ਮੰਨਣਾ ਹੈ ਕਿ ਬੇਲਾਰੂਸ ਵਿੱਚ ਚੋਣਾਂ ਆਜ਼ਾਦ ਤੇ ਨਿਰਪੱਖ ਨਹੀਂ ਹੋਈਆਂ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਬੇਲਾਰੂਸ ਵਿੱਚ ਸਰਕਾਰ ਦੇ ਵਿਰੋਧੀਆਂ ਦੇ ਖ਼ਿਲਾਫ਼ ਹੋਈ ਹਿੰਸਾ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਸਰਾਸਰ ਗ਼ਲਤ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

ICCRC



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**




**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੰਡਿਆਂ ਦੀ ਕਸਕ

-ਅਵਨੀਤ ਕੌਰ

ਕੋਰੋਨਾ ਦੀਆਂ ਛੁੱਟੀਆਂ ਵਿੱਚ ਪਿੰਡ ਵਾਲੀ ਮਾਸੀ ਕੋਲ ਜਾਣ ਦਾ ਸਬੱਬ ਬਣਿਆ। ਖੇਤ ਵਿੱਚ ਬਣਿਆ ਘਰ ਅਤੇ ਖੁੱਲ੍ਹਾ ਡੁੱਲਾ ਭੈਅ ਮੁਕਤ ਮਾਹੌਲ। ਸਹਿਜ ਰੂਪ ਵਿੱਚ ਤੁਰਦੀ ਜ਼ਿੰਦਗੀ। ਮਾਸੀ ਦੇ ਖੇਤ ਕੰਮ ਵਾਲੀ ਬੀਬੀ ਦੇ ਹੱਥਾਂ ਦਾ ਸੁਹਜ ਤੇ ਬੋਲ ਬਾਣੀ ਮਨ ਟੁੰਬਦੀ। ਦਿਨ ਭਰ ਕੰਮ ਵੱਲ ਧਿਆਨ ਤੇ ਵਿਹਲੇ ਸਮੇਂ ਕੰਮ ਦੀ ਗੱਲ। ਕਦੇ ਕਦਾਈਂ ਮੇਰੇ ਕੋਲ ਆ ਬੈਠਦੀ ਹੈ। ਮੇਰੇ ਕੋਲ ਪਈਆਂ ਕਿਤਾਬਾਂ ਵੇਖ ਕਹਿੰਦੀ- ''ਪੁੱਤ, ਆਹ ਕੋਰੋਨਾ ਨੇ ਸਾਥੋਂ ਗਰੀਬਾਂ ਤੋਂ ਪੜ੍ਹਾਈ ਵੀ ਖੋਹ ਲਈ। ਸਕੂਲ ਲਗਦੇ ਨ੍ਹੀਂ। ਮਾਸਟਰ ਕਹਿੰਦੇ, ਮੋਬਾਈਲਾਂ ਤੇ ਪੜ੍ਹਾਇਆ ਕਰਾਂਗੇ। ਹਮਾਤੜ ਮਹਿੰਗੇ ਮੋਬਾਈਲ ਕਿੱਥੋਂ ਲੈ ਕੇ ਦੇਣ? ਨਿੱਤ ਦਿਨ ਦੀ ਰੋਟੀ ਦਾ ਮਸਾਂ ਜੁਗਾੜ ਹੁੰਦੇ। ਖੇਤਾਂ ਵਿੱਚ ਮਜ਼ਦੂਰੀ ਦਾ ਥੋੜ੍ਹਾ ਕੰਮ ਚੱਲਿਆ। ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਾਡੇ ਜੁਆਕ ਰਿਹਾੜ ਪੈ ਗਏ। ਅਖੇ, ਸਾਨੂੰ ਪੜ੍ਹਨ ਲਈ ਮੋਬਾਈਲ ਖ਼ਰੀਦ ਕੇ ਦਿਓ। ਆਵਦਾ ਢਿੱਡ ਪੇਟ ਬੰਨ੍ਹ ਕੇ ਉਨ੍ਹਾਂ ਦੀ ਮੰਗ ਪੂਰੀ ਕੀਤੀ। ਸਾਡੇ ਚੁੱਲ੍ਹੇ ਭਾਵੇਂ ਠੰਢੇ ਹੋ ਗਏ ਪਰ ਬੱਚਿਆਂ ਦੇ ਚਾਰ ਅੱਖਰ ਪੜ੍ਹਨ ਲਈ ਕਸਰ ਨਹੀਂ ਛੱਡੀ। ਸਾਨੂੰ ਪੜਾਈ ਦੇ ਅਜਿਹੇ ਖਰਚਿਆਂ ਨੇ ਹੀ ਦੱਬ ਰੱਖਿਆ। ਉਂਜ ਸਰਕਾਰ ਕਹਿੰਦੀ ਹੈ, ਸਿੱਖਿਆ ਮੁਫ਼ਤ ਹੈ।"

ਬੀਬੀ ਦੀ ਕਲਪਨਾ ਸੋਚਣ ਲਈ ਮਜ਼ਬੂਰ ਕਰਦੀ ਹੈ। ਉਸ ਦਾ ਫ਼ਿਕਰਮੰਦੀ ਸੱਚੀ ਹੈ। ਉਹ ਮੁੜ ਦੱਸਣ ਲੱਗਦੀ, ''ਪੁੱਤ ਸਾਡੀ ਸਾਰੀ ਬਸਤੀ ਵਿੱਚ ਦੇਰ ਰਾਤ ਤੱਕ ਰੌਲਾ ਰੱਪਾ ਪੈਂਦਾ ਰਹਿੰਦਾ। ਪਰਵਾਰ ਦੇ ਮੁੱਖੀ ਕੋਲ ਮੋਬਾਈਲ ਹੁੰਦਾ। ਉਹ ਦਿਹਾੜੀ ਮਜ਼ਦੂਰੀ ਕਰ ਕੇ ਰਾਤ ਨੂੰ ਹਨੇਰੇ ਘਰ ਮੁੜਦਾ। ਹਰ ਪਰਵਾਰ ਦੇ ਦੋ ਤਿੰਨ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਨੇ। ਬੱਚਿਆਂ ਵਿੱਚ ਮੋਬਾਈਲ ਤੋਂ ਪਹਿਲਾਂ ਕੰਮ ਕਰਨ ਦੀ ਖਿੱਚ ਧੂਹ ਚਲਦੀ ਹੈ। ਜੇ ਕਿਸੇ ਦਾ ਥੱਕਿਆ ਟੁੱਟਿਆ ਬਾਪ ਥੋੜ੍ਹੇ 'ਸਰੂਰ' ਵਿੱਚ ਆਇਆ ਹੋਵੇ ਤਾਂ ਉਹ ਖ਼ਰੀ ਕਰਨ ਲੱਗਦਾ ਹੈ। ਬੱਸ, ਫ਼ਿਰ ਸ਼ੁਰੂ ਹੁੰਦੀ ਹੈ ਕੁੱਟਮਾਰ ਤੇ ਚੀਕ ਚਿਹਾੜਾ। ਸਾਰਿਆਂ ਤੇ ਬਾਪ ਦਾ ਕਰੜਾ ਹੱਥ ਫਿਰਦਾ ਹੈ। ਬੱਚੇ ਸਕੂਲ ਦਾ ਕੰਮ ਛੱਡ ਕੇ ਸੌਣ ਨੂੰ ਪਹਿਲ ਦਿੰਦੇ ਹਨ।"

ਮੇਰੇ ਹੋਸਟਲ ਦੀ ਰੂਮਮੇਟ ਗੱਲਾਂ ਕਰਦਿਆਂ ਇਸ ਗਾਥਾ ਵਿੱਚ ਆ ਕੇ ਸ਼ਰੀਕ ਹੁੰਦੀ ਹੈ। ਹਸਮੁੱਖ ਸੁਭਾਅ ਵਾਲੀ ਸਹੇਲੀ ਉਦਾਸ ਨਜ਼ਰ ਆਉਂਦੀ ਹੈ, ''ਅੱਜਕੱਲ੍ਹ ਘਰ ਦੇ ਸਾਰੇ ਕੰਮ ਦਾ ਜ਼ਿੰਮਾ ਮੇਰੇ ਸਿਰ ਹੈ। ਮੇਰੀ ਅਧਿਆਪਕਾ ਮੰਮੀ ਦਾ ਸਾਰਾ ਦਿਨ ਆਨਲਾਈਨ ਪੜ੍ਹਾਈ ਦਾ ਕੰਮ ਨਹੀਂ ਮੁਕਦਾ। ਸਵੇਰੇ ਸਾਰੀਆਂ ਕਲਾਸਾਂ ਨੂੰ ਆਪਣੇ ਵਿਸ਼ੇ ਦਾ ਕੰਮ ਪਾਉਣਾ। ਫ਼ਿਰ ਦਿੱਤੇ ਕੰਮ ਦੀ ਡਾਇਰੀ ਲਿਖ ਕੇ ਗਰੁੱਪ ਵਿੱਚ ਪਾਉਣੀ। ਉਤੋਂ ਸਾਰਾ ਦਿਨ ਸਕੂਲ ਮੁਖੀ ਅਤੇ ਬੱਚਿਆਂ ਦਾ ਫ਼ੋਨ। ਤੰਗੀਆਂ ਤੁਰਸ਼ੀਆਂ ਦੇ ਸਤਾਏ ਮਾਪਿਆਂ ਦੇ ਉਲਾਂਭੇ ਵੱਖਰੇ। ਨਿੱਤ ਰੋਜ਼ ਦੀਆਂ ਜ਼ੂਮ ਮੀਟਿੰਗਾਂ ਨੇ ਮਾਂ ਦੇ ਮਨ ਦਾ ਸੁਹਜ ਕੁੜੱਤਣ ਵਿੱਚ ਬਦਲ ਦਿੱਤਾ ਹੈ। ਸਾਰੇ ਘਰ ਦਾ ਮਾਹੌਲ ਅਜੀਬ ਚੁੱਪ ਮਾਨਸਿਕ ਪ੍ਰੇਸ਼ਾਨੀ ਵਿੱਚ ਬਦਲ ਗਿਆ ਹੈ। ਟੀਚਰ ਦੀ ਨੌਕਰੀ ਨਾ ਹੋਈ, ਇੱਕ ਤਰ੍ਹਾਂ ਦੀ ਸਜ਼ਾ ਹੋ ਗਈ?" ਸਹੇਲੀ ਦੀ ਪ੍ਰੇਸ਼ਾਨੀ ਅਧਿਆਪਕ ਵਰਗ ਦੀ ਮਨੋਦਸ਼ਾ ਤੇ ਹੋ ਰਹੀ ਖੱਜਲ ਖੁਆਰੀ ਨੂੰ ਬਿਆਨਦੀ ਹੈ।

ਸੇਵਾ ਮੁਕਤ ਹੋਣ ਵਾਲੀ ਮੇਰੀ ਅਧਿਆਪਕਾ ਦਾ ਤਾਅਨਾ ਵੀ ਗੌਰ ਕਰਨ ਵਾਲਾ ਹੈ, ''ਬੇਟਾ, ਉਹ ਸਮੇਂ ਨਹੀਂ ਰਹੇ। ਕੋਈ ਕੰਮ ਨਹੀਂ ਦੇਖਦਾ, ਕਾਗ਼ਜ਼ਾਂ ਦਾ ਢਿੱਡ ਭਰਿਆ ਦੇਖਣਾ ਚਾਹੁੰਦਾ। ਕੋਈ ਦਲੀਲ, ਅਪੀਲ, ਸੁਣਵਾਈ ਨਹੀਂ। ਅਫ਼ਸਰਾਂ ਵੱਲੋਂ ਅਧਿਆਪਕਾਂ ਵਿੱਚੋਂ ਤਿਆਰ ਕੀਤੇ ਆਪਣੇ 'ਅਫ਼ਸਰ' ਸਾਨੂੰ ਕੰਮ ਕਰਨ ਦੀਆਂ ਨਸੀਹਤਾਂ ਦਿੰਦੇ ਨੇ। ਅਧਿਆਪਨ ਦੇ ਕੰਮ ਤੋਂ ਮੂੰਹ ਮੋੜ ਕੇ ਪੰਜਾਬ ਨੂੰ ਪੜ੍ਹਾਉਣ ਤੁਰੇ ਹਨ। ਬਿਨਾਂ ਹਾਲਾਤ ਦੇਖਿਆ, ਜਾਣਿਆਂ, ਨਵੇਂ ਫਰਮਾਨ ਜਾਰੀ ਕਰਨਾ ਅਫ਼ਸਰਾਂ ਦਾ ਧਰਮ ਬਣ ਗਿਆ। ਥੁੱਕੀ ਵੜੇ ਪਕਾਉਣ ਵਾਲੇ ਅਜਿਹੇ ਅਧਿਕਾਰੀ ਬੱਚਿਆਂ ਤੇ ਸਾਡੇ ਵਰਗੇ ਅਧਿਆਪਕਾਂ ਦੇ ਰਾਹਾਂ ਵਿੱਚ ਕੰਡੇ ਬੀਜ ਰਹੇ ਨੇ। ਕੋਰੋਨਾ ਸੰਕਟ ਕਾਰਨ ਤੈਅ ਸ਼ੁਦਾ ਸਰਕਾਰੀ ਨਿਯਮ ਪਤਾ ਨਹੀਂ ਕਿਉਂ, ਅਧਿਆਪਕਾਂ ਤੇ ਲਾਗੂ ਨਹੀਂ ਹੁੰਦੇ? ਸਾਨੂੰ ਸਕੂਲਾਂ ਵਿੱਚ ਜਾਣ, ਪੁਸਤਕਾਂ ਵੰਡਣ, ਮਿੱਡ ਡੇ ਮੀਲ ਦਾ ਰਾਸ਼ਨ ਵੰਡਣ ਤੋਂ ਇਲਾਵਾ ਸਰਵੇ ਕਰਨ, ਇਕਾਂਤਵਾਂਸ ਡਿਊਟੀਆਂ ਦੇਣ ਦੇ ਜ਼ੁਬਾਨੀ ਕਲਾਮੀ ਹੁਕਮ ਹਨ। ਸਿਤਮ ਜ਼ਰੀਫੀ ਦੇਖੋ, ਅਧਿਕਾਰੀਆਂ ਦੀ ਨਜ਼ਰ ਵਿੱਚ ਸਭ ਅੱਛਾ' ਹੈ।"

ਖੇਤ ਢਾਣੀਆਂ ਵਾਲੇ ਸਕੂਲ ਦਾ ਪ੍ਰਿੰਸੀਪਲ ਗੱਲ ਨਿਬੇੜਦਾ ਹੈ, ''ਇਹ ਸਭ ਰਾਜ ਪ੍ਰਬੰਧ ਵੱਲੋਂ ਚੇਤਨਾ ਦਾ ਰਾਹ ਰੋਕਣ ਲਈ ਖ਼ਿਖੇਰੇ ਗਏ ਕੰਡੇ ਨੇ, ਜਿਹੜੇ ਕਹਿਣ ਨੂੰ ਕਾਗ਼ਜ਼ਾਂ ਵਿੱਚ ਸਿੱਖਿਆ ਦੇ ਚਾਨਣ ਮੁਨਾਰੇ ਹਨ ਪਰ ਅਮਲਾਂ ਵਿੱਚ ਕਿਰਤੀ ਮਾਪਿਆਂ ਦੇ ਬਾਲਾਂ ਹੱਥੋਂ ਗਿਆਨ ਦੀ ਰੌਸ਼ਨੀ ਖੋਹਣਾ ਚਾਹੁੰਦੇ ਨੇ। ਬੱਚਿਆਂ ਨੂੰ ਮਹਿਜ਼ ਮਸ਼ੀਨਾਂ ਬਣਾ 'ਸੇਵਾਦਾਰ' ਬਣੇ ਦੇਖਣਾ ਲੋਚਦੇ ਨੇ। ਜ਼ਿੰਦਗੀ ਦੀ ਮੜਕ ਤੇ ਅੱਗੇ ਵਧਣ ਦੀ ਤਾਂਘ ਮਿਟਾਉਣ ਦੇ ਹਾਮੀ ਨੇ। ਜਿਹੜੇ ਸਾਰੇ ਵਿਦਿਆਰਥੀ ਪਾਸ ਕਰਨ ਤੇ ਮਾਂ ਬੋਲੀ ਤੋਂ ਹੋੜਨ ਦੇ ਨੀਤੀ ਘਾੜੇ ਹਨ। ਕੋਰੋਨਾ ਦੀ ਆੜ ਹੇਠ ਆਨਲਾਈਨ ਪੜ੍ਹਾਈ ਉੱਤੇ ਜ਼ੋਰ ਦੇ ਕੇ ਸਰਕਾਰੀ ਸਕੂਲਾਂ ਨੂੰ ਅਧਿਆਪਕ ਵਿਹੂਣਾ ਕਰਨਾ ਚਾਹੁੰਦੇ ਨੇ। ਇਨ੍ਹਾਂ ਕੰਡਿਆਂ ਦੀ ਕਸਕ ਅਧਿਆਪਕ ਵਰਗ ਦੇ ਸੀਨੀਆਂ ਵਿੱਚ ਹੈ ਜਿਸ ਨੂੰ ਅਧਿਆਪਨ ਰੂਪੀ ਕਿਰਤ, ਬੋਲਣ, ਲਿਖਣ ਅਤੇ ਹੱਕਾਂ ਹਿਤਾਂ ਲਈ ਡਟਣ ਦੇ ਬਲ ਹੀ ਮਾਤ ਦਿੱਤੀ ਜਾ ਸਕਦੀ ਹੈ।" ਪ੍ਰਿੰਸੀਪਲ ਦੇ ਰਾਹ ਦਰਸਾਵੇ ਬੋਲ ਭਵਿੱਖ ਦੀ ਆਸ ਬਣਦੇ ਹਨ।

# ਕਿਸੇ 'ਕਿਤਾਬ ਦੇ ਇੱਕ ਕਵਰ' ਤੋਂ ਉਸ ਨੂੰ ਨਾ ਪਰਖੋ

-ਕਰਣ ਥਾਪਰ-

ਇਹ ਭਿਆਨਕ, ਪਰ ਅਸਲ ਵਿੱਚ ਸੱਚ ਵੀ ਹੈ। ਮੈਂ ਮੰਨਦਾ ਹਾਂ ਕਿ ਇਹ ਗੱਲ ਸਾਡੇ ਸਾਰਿਆਂ 'ਤੇ ਲਾਗੂ ਹੁੰਦੀ ਹੈ। ਕਿਸੇ ਕਿਤਾਬ ਦੀ ਉਸ ਦੇ ਕਵਰ ਤੋਂ ਸਮੀਖਿਆ ਨਾ ਕਰੋ। ਜੇ ਮੇਰੇ ਕੋਲ ਹਮੇਸ਼ਾ ਪੈਸਾ ਹੋਵੇਗਾ ਤਾਂ ਮੈਂ ਅਮੀਰ ਵਿਅਕਤੀ ਅਖਵਾਵਾਂਗਾ। ਮੈਂ ਜਾਣਦਾ ਹਾਂ ਕਿ ਇਹ ਠੀਕ ਨਹੀਂ, ਪਰ ਆਪਣੇ ਵਿਚਾਰਾਂ ਦੇ ਆਧਾਰ ਉਤੇ ਮੈਂ ਕਹਿ ਸਕਦਾ ਹਾਂ ਕਿ ਲੋਕ ਕਿਸ ਤਰ੍ਹਾਂ ਦੇ ਦਿਸਦੇ ਹਨ, ਪਹਿਨਦੇ ਹਨ ਅਤੇ ਵਿਹਾਰਕ ਤੌਰ 'ਤੇ ਕਿਵੇਂ ਗੱਲ ਕਰਦੇ ਹਨ। ਬੋਲਣ ਦਾ ਢੰਗ ਉਸੇ ਵਕਤ ਹੀ ਪ੍ਰਤੀਕਿਰਿਆ ਦੇ ਦਿੰਦਾ ਹੈ ਅਤੇ ਇਹ ਆਮ ਤੌਰ ਉਤੇ ਉਲਟ ਹੁੰਦਾ ਹੈ। ਚੰਗੀ ਕਿਸਮਤ ਨਾਲ ਇਥੇ ਕਿੰਨੇ ਚੰਗੇ ਮੌਕੇ ਹਨ। ਜਦੋਂ ਮੈਂ ਆਪਣੀ ਗਲਤੀ ਦਾ ਅਹਿਸਾਸ ਕੀਤਾ ਅਤੇ ਉਸ ਨੂੰ ਸੁਲਝਾਇਆ ਵੀ। ਇਸ ਕਹਾਣੀ ਦੇ ਦਿਲ ਲਈ ਇਹ ਸਬਕ ਮੈਂ ਸਿਖਿਆ, ਜਿਸ ਦਾ ਵੇਰਵਾ ਮੈਂ ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ।

ਜਦੋਂ ਮੈਂ ਪਹਿਲੀ ਵਾਰ ਅਮਰ ਸਿੰਘ ਨੂੰ ਮਿਲਿਆ ਤਾਂ ਮੈਂ ਉਨ੍ਹਾਂ ਤੋਂ ਪ੍ਰਭਾਵਤ ਨਾ ਹੋਇਆ ਅਤੇ ਉਨ੍ਹਾਂ ਨਾਲ ਕੀਤੀ ਗਈ ਮੁਲਾਕਾਤ ਨੇ ਮੈਨੂੰ ਕਿਸੇ ਤਰ੍ਹਾਂ ਵੀ ਖਾਸ ਉਤਸ਼ਾਹਤ ਨਹੀਂ ਕੀਤਾ। ਮੈਂ ਉਨ੍ਹਾਂ ਦੇ ਹਾਵ-ਭਾਵ ਚਿੰਤਾਜਨਕ ਪਾਏ। ਉਨ੍ਹਾਂ ਦਾ ਬੋਲਣਾ ਬੇਹੱਦ ਔਖਾ ਸੀ ਤੇ ਉਨ੍ਹਾਂ ਦਾ ਹਾਸਾ ਬਹੁਤ ਉਚਾ ਸੀ। ਮੈਂ ਕਿੰਨਾ ਗਲਤ ਸੀ। ਇਥੇ ਕੁਝ ਲੋਕ ਹਨ, ਜੋ ਬੜੇ ਖੁਲ੍ਹਦਿਲੇ ਹਨ। ਵੀਡੀਓ ਮੈਗਜ਼ੀਨ ਆਈਟਵਨੈੱਸ, ਜਿਸ ਦਾ ਮੈਂ 1991 ਵਿੱਚ ਸੰਪਾਦਕ ਸਾਂ, ਦੇ ਪਹਿਲੇ ਐਪੀਸੋਡ ਦੀ ਇੱਕ ਇੰਟਰਵਿਊ ਵਿੱਚ ਮੈਂ ਸਵਰਗੀ ਪ੍ਰਧਾਨ ਮੰਤਰੀ ਚੰਦਰਸ਼ੇਖਰ ਨੂੰ ਅਪਸੈੱਟ ਕਰ ਦਿੱਤਾ। ਉਨ੍ਹਾਂ ਨੇ ਸਵਾਲਾਂ ਨੂੰ ਮਾਮੂਲੀ ਤੇ ਨਿਰਾਦਰ ਵਾਲੇ ਸਮਝਿਆ। ਮੈਂ ਪੁੱਛਿਆ ਕਿ ਉਹ ਦੱਸਣ 'ਚ ਇੰਨੇ ਮੈਲੇ ਕਿਉਂ ਲੱਗਦੇ ਹਨ। ਉਹ ਮਸਲੀ ਹੋਈ ਧੋਤੀ ਪਹਿਨਦੇ ਸਨ, ਜਦ ਕਿ ਉਨ੍ਹਾਂ ਦੇ ਵਾਲਾਂ ਵਿੱਚ ਕੰਘੀ ਨਹੀਂ ਸੀ ਕੀਤੀ ਹੁੰਦੀ, ਪਰ ਉਹ ਇਕਦਮ ਗਰਜਦੇ ਸਨ।

ਸਵਿਆਸਾਚੀ ਜੈਨ, ਜਿਨ੍ਹਾਂ ਨੇ ਇੰਟਰਵਿਊ ਕੀਤਾ, ਦਾ ਕਹਿਣਾ ਸੀ ਕਿ ਇਹ ਭਾਰਤੀ ਰਵਾਇਤ ਅਨੁਸਾਰ ਨਹੀਂ ਸੀ। ਸਾਡੀਆਂ ਮਾਵਾਂ ਆਪਣੇ ਬੱਚਿਆਂ ਨੂੰ ਨੁਹਾ-ਧੁਆ ਕੇ ਸਕੂਲ ਭੇਜਦੀਆਂ ਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਕੱਜਲ ਪਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਪ੍ਰੈੱਸ ਕੀਤਾ ਹੋਇਆ ਪਹਿਰਾਵਾ ਪਹਿਨਾਉਂਦੀਆਂ ਹਨ। ਚੰਦਰਸ਼ੇਖਰ ਇੱਕ ਹਿੱਪੀ ਵਾਂਗ ਦਿਸਦੇ ਸਨ। ਕਿਸੇ ਵੀ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਸਵਾਲ ਨਹੀਂ ਕੀਤੇ ਗਏ। ਜ਼ੁਬਾਨ ਨੂੰ ਪੂਰੀ ਤਰ੍ਹਾਂ ਕੰਟਰੋਲ ਕਰ ਕੇ ਰੱਖਿਆ ਗਿਆ। ਪ੍ਰਧਾਨ ਮੰਤਰੀ ਨੇ ਇਸ ਇੰਟਰਵਿਊ ਦਾ ਖੁਸ਼ਮਿਜਾਜ਼ੀ ਪੱਖ ਨਹੀਂ ਦੇਖਿਆ। ਫਰਵਰੀ ਵਿੱਚ ਇਹ ਇੰਟਰਵਿਊ ਰਿਕਾਰਡ ਕੀਤਾ ਗਿਆ ਅਤੇ ਜੂਨ ਤੱਕ ਚੰਦਰਸ਼ੇਖਰ ਸੱਤਾ ਤੋਂ ਬਾਹਰ ਹੋ ਗਏ। ਉਨ੍ਹਾਂ ਦਾ ਪ੍ਰਧਾਨ ਮੰਤਰੀ ਦਾ ਅਹੁਦਾ ਦਾ ਸਿਰਫ ਸੱਤ ਮਹੀਨੇ ਚੱਲਿਆ। ਤਿੰਨ ਹਫਤੇ ਬਾਅਦ ਅਮਰ ਸਿੰਘ ਨੇ ਮੈਨੂੰ ਫੋਨ ਕੀਤਾ। ਉਨ੍ਹਾਂ ਨੇ ਮੈਨੂੰ ਕਿਹਾ ਕਿ ਕੀ ਤੁਸੀਂ ਚੰਦਰਸ਼ੇਖਰ ਨਾਲ ਮੁੜ ਕੇ ਗੱਲ ਕਰਨੀ ਚਾਹੁੰਦੇ ਹੋ ਜਾਂ ਤੁਸੀਂ ਇਹ ਸਮਝਦੇ ਹੋ ਕਿ ਤੁਸੀਂ ਜ਼ਿੰਦਗੀ ਭਰ ਗਲਤ ਸਮਝੇ ਜਾਓ? ਅਮਰ ਸਿੰਘ ਦੀ ਆਵਾਜ਼ ਵਿੱਚ ਕੜਕਪਣ ਸੀ, ਪਰ ਉਹ ਪੂਰੀ ਤਰ੍ਹਾਂ ਸੰਵੇਦਨਸ਼ੀਲ ਵੀ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਐਤਵਾਰ ਸਵੇਰੇ ਤੁਸੀਂ ਕਿਉਂ ਨਹੀਂ ਮੇਰੇ ਨਾਲ ਚੰਦਰਸ਼ੇਖਰ ਦੇ ਘਰ ਚੱਲਦੇ। ਤੁਸੀਂ ਉਨ੍ਹਾਂ ਬਾਰੇ ਜਾਣ ਸਕੋਗੇ। ਤੁਸੀਂ ਉਸ ਵਿਅਕਤੀ ਨੂੰ ਮਿਲ ਕੇ ਹੈਰਾਨ ਹੋਵੋਗੇ, ਜਿਸ ਬਾਰੇ ਤੁਸੀਂ ਕੁਝ ਵੱਖਰਾ ਲੱਭਿਆ ਸੀ।


ਅਮਰ ਸਿੰਘ ਦੇ ਕਾਰਨ ਚੰਦਰਸ਼ੇਖਰ ਨਾਲ ਸੰਬੰਧਾਂ ਨੂੰ ਨਵਾਂ ਰੰਗ ਦੇ ਦਿੱਤਾ ਗਿਆ। ਅਸੀਂ ਦੋਵੇਂ ਦੋਸਤ ਬਣ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਕਈ ਇੰਟਰਵਿਊ ਦਿੱਤੇ ਅਤੇ ਹਮੇਸ਼ਾ ਖੁੱਲ੍ਹ ਕੇ ਬੋਲੇ। ਕਈ ਵਾਰ ਉਤੇਜਿਤ ਦਿੱਸੇ। ਅਮਰ ਸਿੰਘ ਨੇ ਮੈਨੂੰ ਕਿਹਾ ਕਿ ਅਸੀਂ ਲੋਕ ਐਤਵਾਰ ਸਵੇਰੇ ਸਾਢੇ ਨੌਂ ਵਜੇ ਚੰਦਰਸ਼ੇਖਰ ਦੇ ਸਾਊਥ ਐਵੀਨਿਊ ਲੇਨ ਵਾਲੇ ਘਰ ਮਿਲਦੇ ਹਾਂ। ਜਦੋਂ ਮੈਂ ਉਥੇ ਗਿਆ ਤਾਂ ਉਹ ਗਾਰਡਨ ਵਿੱਚ ਮੈਗਾਸਟਾਰ ਅਮਿਤਾਭ ਬੱਚਨ ਨਾਲ ਖੜ੍ਹੇ ਸਨ। ਉਨ੍ਹਾਂ ਨੇ ਮੈਨੂੰ ਗੁਪਤ ਤੌਰ 'ਤੇ ਦੱਸਿਆ ਕਿ ਉਹ ਅਭਿਨੇਤਾ ਨੂੰ ਸਾਬਕਾ ਪ੍ਰਧਾਨ ਮੰਤਰੀ ਨਾਲ ਮਿਲਾਉਣ ਆਏ ਹਨ। ਕੁਝ ਮਹੀਨੇ ਪਹਿਲਾਂ ਅਮਰ ਸਿੰਘ ਦੀ ਪਛਾਣ ਦੇ ਕਾਰਨ ਚੰਦਰਸ਼ੇਖਰ ਨੇ ਅਮਿਤਾਭ ਬੱਚਨ ਦੀ ਟੈਕਸ ਦੀ ਪਰੇਸ਼ਾਨੀ ਹੱਲ ਕੀਤੀ ਸੀ। ਅਮਿਤਾਭ ਉਨ੍ਹਾਂ ਦਾ ਧੰਨਵਾਦ ਕਰਨ ਪਹੁੰਚੇ ਸਨ। ਅਮਰ ਸਿੰਘ ਬੋਲੇ, ''ਆ ਜੋ ਤੁਹਾਡਾ ਅਗਲਾ ਨੰਬਰ ਹੈ। ਮੇਰੇ ਮੋਢਿਆਂ 'ਤੇ ਹੱਥ ਰੱਖ ਕੇ ਉਹ ਚੰਦਰਸ਼ੇਖਰ ਦੇ ਕਮਰੇ ਵਿੱਚ ਗਏ। ਮੇਰੀ ਉਮਰ ਉਸ ਸਮੇਂ 36 ਸਾਲ ਸੀ ਤੇ ਮੈਂ ਕੁਝ ਜ਼ਿਆਦਾ ਇੱਛਾਵਾਦੀ ਸੀ। ਚੰਦਰਸ਼ੇਖਰ ਨੇ ਖਿੜਖਿੜਾ ਕੇ ਮੇਰਾ ਸਵਾਗਤ ਕੀਤਾ। ਸ਼ਾਇਦ ਇਹ ਕਿਸੇ ਬੁੱਢੇ ਸ਼ੇਰ ਦੀ ਦਹਾੜ ਸੀ?" ਅਮਰ ਸਿੰਘ ਨੇ ਮੁਸਕਾਨ ਭਰੀ ਪ੍ਰਤੀਕਿਰਿਆ ਦਿੱਤੀ। ਅਸੀਂ ਤਿੰਨਾਂ ਨੇ ਚਾਹ ਦੌਰਾਨ ਗੱਲਬਾਤ ਕੀਤੀ। ਚੰਦਰਸ਼ੇਖਰ ਇਹ ਬੈਠਕ ਖਤਮ ਨਹੀਂ ਕਰਨਾ ਚਾਹੁੰਦੇ ਸਨ ਅਤੇ ਅਮਰ ਸਿੰਘ ਇਸ ਸਾਰੇ ਘਟਨਾਕ੍ਰਮ ਨੂੰ ਦੇਖ ਕੇ ਸਪੱਸ਼ਟ ਤੌਰ 'ਤੇ ਖੁਸ਼ ਹੋ ਰਹੇ ਸਨ।

ਜਦੋਂ ਮੈਂ ਉਥੋਂ ਨਿਕਲਣ ਲਈ ਉਠਿਆ ਅਤੇ ਸਾਬਕਾ ਪ੍ਰਧਾਨ ਮੰਤਰੀ ਨਾਲ ਹੱਥ ਮਿਲਾਇਆ ਤਾਂ ਉਹ ਬੋਲੇ, ''ਮੇਰੇ ਸੰਪਰਕ ਵਿੱਚ ਰਹੋ।" ਜਦੋਂ ਮੈਂ ਦਰਵਾਜ਼ੇ ਤੋਂ ਬਾਹਰ ਨਿਕਲਿਆ, ਅਮਰ ਸਿੰਘ ਬੋਲੇ, ''ਉਨਾਂ ਦਾ ਮਤਲਬ ਤੁਸੀਂ ਸਮਝੇ।" ਅਮਰ ਸਿੰਘ ਸਹੀ ਸੀ। ਮੈਂ ਸੋਚਦਾ ਹਾਂ ਕਿ ਸ਼ਾਇਦ ਹੀ ਕੋਈ ਹੋਰ ਹੋਵੇਗਾ, ਜੋ ਚੰਦਰਸ਼ੇਖਰ ਨਾਲ ਨਾਲ ਮੇਰੇ ਸੰਬੰਧਾਂ ਨੂੰ ਸੁਧਾਰਨ ਲਈ ਇੰਨਾ ਵੱਡਾ ਕੰਮ ਕਰੇਗਾ। ਅਮਰ ਸਿੰਘ ਲਈ ਇਸ ਬੈਠਕ ਵਿੱਚ ਕੁਝ ਵੀ ਨਹੀਂ ਸੀ। ਅਸਲ 'ਚ ਮੈਂ ਕਦੀ ਵੀ ਇਹ ਮਹਿਸੂਸ ਨਹੀਂ ਕੀਤਾ ਕਿ ਅਮਰ ਸਿੰਘ ਨੇ ਕਿਸ ਲਈ ਆਪਣੀ ਗੱਲ ਨਿਭਾਈ, ਪਰ ਹਰੇਕ ਸਮੇਂ ਖੁਸ਼ ਸਨ।

ਇਹ ਦੁਖਦਾਈ ਗੱਲ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਅਸੀਂ ਮਿਲੇ ਨਹੀਂ। ਸਾਡੇ ਰਸਤੇ ਨਹੀਂ ਮਿਲ ਸਕੇ, ਪਰ ਮੈਂ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਾਂਗਾ ਕਿਉਂਕਿ ਉਹ ਇੱਕ ਦਿਆਲੂ ਵਿਅਕਤੀ ਸਨ, ਜੋ ਉਨ੍ਹਾਂ ਦੇ ਰਸਤਿਆਂ 'ਚ ਆਏ ਅਜਨਬੀ ਲੋਕਾਂ ਦੀ ਮਦਦ ਕਰਦੇ ਸਨ। ਇਹ ਇੱਕ ਗੁਣ ਹੁੰਦਾ ਹੈ, ਜੋ ਕੁਝ ਗਲਤੀਆਂ ਹੋਣ ਦੇ ਬਾਵਜੂਦ ਵੀ ਯਾਦ ਕੀਤਾ ਜਾਂਦਾ ਹੈ।


## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



ਕੈਸਲਮੋਰ, ਗੋਰ ਰੋਡ , ਹਾਈਵੇ 50, ਟਾਰਬਰਮ, ਏਅਰਪੋਰਟ ਰੋਡ, ਕੰਟਰੀਸਾਈਡ ਆਦਿ ਏਰੀਏ ਤੋਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ ।

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

## Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

## OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com



Unbeatable Prices with Excellent Customer Service

SERVING ONTARIO FROM
TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343
STONEY CREEK
#6 – 410 LEWIS ROAD
STONEY CREEK, ON L8E 5Y7
(905) 643-0818
LONDON
#4 -1540 FANSHAWE PARK RD. W.
LONDON, ON N6H 5L8
(519)-641-1010
BRAMPTON
1-241 CLARENCE ST.
BRAMPTON, ON L6W 3E7
(416)-551-3343

AUTHORISED DEALER OF ALL NAME BRANDS
JENN-AIR. Whirlpool MAYTAG Electrolux SAMSUNG LG KitchenAid FRIGIDAIRE GE
BRAND NEW & OPEN BOX APPLIANCES

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



Avtar Singh Tiwana
Sales Representative

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Tel: 905.793.5777 416.802.5866
31 Melanie Dr. Unit #4 Brampton, ON L6T 5H8



FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।



FOR SALE
$539,900
HWY 427/REXDALE
ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ ।



FOR SALE
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

# ਕੀ ਤੋਂ ਕੀ ਬਣਿਆ ਸ਼੍ਰੋਮਣੀ ਅਕਾਲੀ ਦਲ

-ਭਾਈ ਅਸ਼ੋਕ ਸਿੰਘ ਬਾਗੜੀਆ




ਸ਼ਬਦ 'ਸ਼੍ਰੋਮਣੀ ਅਕਾਲੀ ਦਲ' ਸਿੱਖ ਮਾਨਸਿਕਤਾ ਵਿੱਚ ਡੂੰਘਾ ਦਰਜ਼ ਹੈ। ਅਕਾਲੀ ਦਲ ਦੇ ਆਗਾਜ਼ ਤੋਂ ਹੀ ਆਮ ਸਿੱਖਾਂ ਤੇ ਸ਼ਰਧਾਲੂਆਂ ਨੇ ਬਿਨਾਂ ਹੀਲ ਹੁੱਜਤ ਇਸ ਦੇ ਪ੍ਰੋਗਰਾਮਾਂ ਦੇ ਲਾਭ-ਹਾਨ ਦੇਖੇ ਬਿਨਾਂ ਇਸ ਦੀ ਤਰੱਕੀ ਵਿੱਚ ਅਥਾਹ ਯੋਗਦਾਨ ਪਾਇਆ ਤੇ ਕੁਰਬਾਨੀਆਂ ਦਿੱਤੀਆਂ ਤੇ ਸਿੱਖੀ ਦੇ ਮਨੋਰਥ ਨੂੰ ਢਾਹ ਨਹੀਂ ਲੱਗਣ ਦਿੱਤੀ। ਉਸ ਵਕਤ ਜੋ ਅਕਾਲੀ ਆਗੂ ਸਨ, ਉਨ੍ਹਾਂ ਨੇ ਵੀ ਤਨਦੇਹੀ ਨਾਲ ਆਪਣੀ ਸਮਝ ਮੁਤਾਬਕ ਜੋ ਕੀਤਾ, ਉਹ ਅੱਜ ਤੱਕ ਸਾਡੇ ਸਾਹਮਣੇ ਹੈ।

ਸੰਨ 1947 ਦਾ ਸਮਾਂ ਅਜਿਹਾ ਸੀ, ਜਦੋਂ ਭਾਰਤ ਆਜ਼ਾਦ ਹੋਇਆ ਅਤੇ ਇਸ ਆਜ਼ਾਦੀ ਲਈ ਜੇ ਸਾਰੀ ਨਹੀਂ ਤਾਂ ਬਹੁਤੀ ਕੁਰਬਾਨੀ ਪੰਜਾਬ ਅਤੇ ਪੰਜਾਬੀਆਂ ਨੇ ਹੀ ਦਿੱਤੀ। ਜਦੋਂ ਭਾਰਤ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਓਦੋਂ ਪੰਜਾਬ ਨਫਰਤ, ਬਟਵਾਰੇ ਤੇ ਫਿਰਕਾਪ੍ਰਸਤੀ ਦੀ ਅੱਗ ਵਿੱਚ ਸੜ ਰਿਹਾ ਸੀ। ਸਿੱਖ ਧਰਮ, ਸਿੱਖ ਸਮਾਜ, ਸਿੱਖ ਧਰਮ ਅਸਥਾਨ, ਸਿੱਖਾਂ ਵੱਲੋਂ ਆਪਣੇ ਖੂਨ ਪਸੀਨੇ ਨਾਲ ਜ਼ਰਖੇਜ਼ ਕੀਤੀਆਂ ਜ਼ਮੀਨਾਂ ਸਭ ਕੁਝ ਬਟਵਾਰੇ ਦੀ ਭੇਟ ਚੜ੍ਹ ਕੇ ਪਾਕਿਸਤਾਨ ਵਿੱਚ ਰਹਿ ਗਿਆ, ਫਲਸਰੂਪ ਸਿੱਖਾਂ ਦੀ ਜੋ ਪੁਸ਼ਤ ਪਾਕਿਸਤਾਨ ਤੋਂ ਉਜੜ ਕੇ ਹਿੰਦੋਸਤਾਨ ਆਈ, ਉਸ ਨੂੰ ਦੁਬਾਰਾ ਆਪਣੀ ਜਗ੍ਹਾ ਬਣਾਉਣ ਲਈ ਬਹੁਤ ਜੱਦੋਜਹਿਦ ਕਰਨੀ ਪਈ, ਜੋ ਇੱਕ ਇਤਿਹਾਸ ਹੈ।

ਉਦੋਂ ਸਿੱਖ ਆਗੂਆਂ ਨੇ ਬੜੀ ਸਿਆਣਪ ਅਤੇ ਸੂਝ ਬੂਝ ਨਾਲ ਅਕਾਲੀ ਦਲ ਦਾ ਇਧਰ ਪੁਨਰਗਠਨ ਕੀਤਾ। ਇਨ੍ਹਾਂ ਸਿੱਖ ਆਗੂਆਂ ਨੂੰ ਆਜ਼ਾਦੀ ਤੋਂ ਪਹਿਲਾਂ ਹਿੰਦੋਸਤਾਨ ਦੇ ਕੌਮੀ ਨੇਤਾਵਾਂ ਨੇ ਆਜ਼ਾਦੀ ਦਾ ਆਨੰਦ ਮਾਣਨ ਲਈ ਮਾਣ ਦੇਣ ਦਾ ਵਾਅਦਾ ਕੀਤਾ ਤਾਂ ਉਸ ਭਰੋਸੇ 'ਤੇ ਅਕਾਲੀ ਲੀਡਰਸ਼ਿਪ ਨੇ ਖੁੱਲ੍ਹ ਕੇ ਹਿੰਦੋਸਤਾਨ ਨਾਲ ਰਹਿਣ ਦੀ ਗੱਲ ਕੀਤੀ, ਪਰ ਇਹ ਰਾਸ਼ਟਰੀ ਲੀਡਰਸ਼ਿਪ ਆਜ਼ਾਦੀ ਦੇ ਤੁਰੰਤ ਬਾਅਦ ਇਸ ਵਚਨਬੱਧਤਾ ਤੇ ਭਰੋਸੇ ਤੋਂ ਪੂਰੀ ਤਰ੍ਹਾਂ ਮੁੱਕਰ ਗਈ। ਇਹ ਘਟਨਾ ਉਸ ਵੇਲੇ ਦੇ ਅਕਾਲੀ ਲੀਡਰਾਂ ਲਈ ਬੜਾ ਵੱਡਾ ਧੱਕਾ ਸੀ। ਇਸ ਵਿਗੜੇ ਹਾਲਾਤ ਵਿੱਚ ਅਕਾਲੀ ਦਲ ਨੂੰ ਆਪਣੀ ਜ਼ੁਬਾਨ ਤੇ ਸਭਿਅਤਾ ਦੀ ਰਾਖੀ ਅਤੇ ਪੰਜਾਬੀ ਸੂਬੇ ਲਈ ਸੰਘਰਸ਼ ਕਰਨਾ ਪਿਆ, ਉਸ ਵਿੱਚ ਵੀ ਭਾਰਤ ਦੀ ਲੀਡਰਸ਼ਿਪ ਨੇ ਇਮਾਨਦਾਰੀ ਨਹੀਂ ਵਰਤੀ। ਅੱਧ-ਪਚੱਧਾ ਪੰਜਾਬੀ ਸੂਬਾ ਬਣ ਗਿਆ, ਪਰ ਉਸ ਵਿੱਚ ਪੰਜਾਬੀ ਭਾਸ਼ਾ ਨੂੰ ਉਹ ਰੁਤਬਾ ਨਹੀਂ ਮਿਲਿਆ, ਜਿਸ ਦੀ ਉਹ ਹੱਕਦਾਰ ਸੀ ਅਤੇ ਅੱਜ ਤੱਕ ਉਸ ਰੁਤਬੇ ਦੀ ਉਡੀਕ ਵਿੱਚ ਹੈ।

ਵਕਤ ਨਾਲ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਸਾਹਮਣੇ ਆਈ, ਉਨ੍ਹਾਂ ਵਿੱਚ ਪੁਰਾਣੀ ਸੁਹਿਰਦਤਾ ਤੇ ਪੰਥ ਪ੍ਰਤੀ ਉਸਾਰੂ ਸੋਚ ਦੀ ਭਾਰੀ ਕਮੀ ਨਜ਼ਰ ਆਉਣ ਲੱਗੀ। ਅਕਾਲੀ ਦਲ ਦੇ ਅੰਦਰ ਧੜੇਬੰਦੀ ਸ਼ੁਰੂ ਹੋ ਗਈ। ਧਰਮ ਜਾਂ ਸਭਿਅਤਾ ਨਾਲੋਂ ਰਾਜਸੱਤਾ ਵੱਲ ਵੱਧ ਧਿਆਨ ਜਾਣਾ ਸ਼ੁਰੂ ਹੋ ਗਿਆ। ਅਕਾਲੀ ਦਲ ਦੇ ਹਰ ਗਰੁੱਪ ਨੇ ਗੁਰਦੁਆਰਿਆਂ ਨੂੰ ਆਪਣੀ ਸਿਆਸਤ ਲਈ ਵਰਤਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਸਿੱਖਾਂ ਵਿੱਚ ਆਪਸੀ ਟਕਰਾਅ ਵਧਣ ਲੱਗਾ। ਇਸ ਤੋਂ ਪਹਿਲਾਂ ਗੁਰਦੁਆਰਿਆਂ ਦੀ ਸਿਆਸਤ ਆਪਸੀ ਟਕਰਾਅ ਲਈ ਨਹੀਂ ਵਰਤੀ ਜਾਂਦੀ ਸੀ, ਸਗੋਂ ਸਮੁੱਚੇ ਪੰਥ ਦੇ ਹਿੱਤਾਂ ਲਈ ਵਰਤੀ ਜਾਂਦੀ ਸੀ। ਹੌਲੀ-ਹੌਲੀ ਅਜੋਕੇ ਲੀਡਰਾਂ ਨੇ ਇਸ ਵਿੱਚ ਇੰਨਾ ਨਿਘਾਰ ਲੈ ਆਂਦਾ ਕਿ ਇਸ ਨੂੰ ਸਿੱਖਾਂ ਵਿੱਚ ਖਾਨਾਜੰਗੀ ਦੀ ਹੱਦ ਤੱਕ ਪੁਚਾ ਦਿੱਤਾ। ਹੱਦ ਤਾਂ ਉਸ ਵੇਲੇ ਹੋਈ ਜਦੋਂ ਸਿਆਸੀ ਆਗੂਆਂ ਨੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਮਸਲੇ ਨੂੰ ਆਪਣੀ ਸੌੜੀ ਸਿਆਸੀ ਕੁਰਸੀ ਲਈ ਵਰਤਣ ਤੋਂ ਗੁਰੇਜ਼ ਨਾ ਕੀਤਾ। ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਨੇ ਸਿੱਖਾਂ ਦੇ ਹਿਰਦੇ ਵਲੂੰਧਰੇ, ਪਰ ਓਦੋਂ ਦੀ ਸਰਕਾਰ ਨੇ ਸਿੱਖਾਂ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦੀ ਥਾਂ ਬੇਅਦਬੀਆਂ ਦਾ ਵਿਰੋਧ ਕਰ ਰਹੇ ਨਿਹੱਥੇ ਸਿੱਖਾਂ 'ਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ। ਇਸ ਬਿਖਰੀ ਹੋਈ ਪੰਥਕ ਸਿਆਸਤ ਦਾ ਲਾਭ ਲੈਣ ਲਈ ਦੂਸਰੀਆਂ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ। ਸਿਰਮੌਰ ਸਿੱਖ ਸੰਸਥਾਵਾਂ ਦੇ ਵੱਕਾਰ ਨੂੰ ਬੁਰੀ ਤਰ੍ਹਾਂ ਢਾਹ ਲੱਗੀ। ਅਕਾਲੀ ਦਲ ਨੇ ਧਰਮ ਉਪਰ ਸਿਆਸਤ ਦਾ ਅਜਿਹਾ ਗਲਬਾ ਪਾਇਆ ਕਿ ਇਸ ਦੇ ਨਤੀਜੇ ਵਜੋਂ ਸਾਡੇ ਸਾਹਮਣੇ ਕਈ ਅਤਿਅੰਤ ਦੁਖਦਾਈ ਘਟਨਾਵਾਂ ਵਾਪਰੀਆਂ ਹਨ।

ਅੱਜ ਜਦੋਂ ਕੁਝ ਪੁਰਾਣਏ ਟਕਸਾਲੀ ਆਗੂ ਅਕਾਲੀ ਦਲ ਤੋਂ ਵੱਖ ਹੋ ਕੇ ਪੰਥਕ ਹਿੱਤਾਂ ਦੀ ਆਵਾਜ਼ ਉਠਾ ਰਹੇ ਹਨ ਤਾਂ ਕਈ ਸਵਾਲ ਵਿਚਾਰਨ ਯੋਗ ਹਨ। ਇਨ੍ਹਾਂ ਵਿੱਚ ਰਣਜੀਤ ਸਿੰਘ ਬ੍ਰਹਮਪੁਰਾ ਮਾਝੇ ਦੇ, ਸੁਖਦੇਵ ਸਿੰਘ ਢੀਂਡਸਾ ਮਾਲਵਾ ਅਤੇ ਕੁਲਦੀਪ ਸਿੰਘ ਵਡਾਲਾ ਦੁਆਬਾ ਦੇ ਅਕਾਲੀ ਦਲ ਦੇ ਥੰਮ੍ਹ ਸਨ, ਜਿਨ੍ਹਾਂ ਦੇ ਅਕਾਲੀ ਦਲ ਵਿੱਚ ਹੋਣ ਸਮੇਂ ਦੁਖਦ ਘਟਨਾਵਾਂ ਵਾਪਰੀਆਂ। ਜਦੋਂ ਇਹ ਸਭ ਘਟਨਾਵਾਂ ਹੋ ਰਹੀਆਂ ਸਨ, ਉਹ ਉਸ ਵੇਲੇ ਕਿਉਂ ਨਹੀਂ ਬੋਲੇ? ਇਹ ਹਰ ਕੋਈ ਜਾਨਣਾ ਚਾਹੁੰਦਾ ਹੈ। ਕੌਣ ਅਪਰਾਧੀ ਹੈ? ਕੌਣ ਨਹੀਂ? ਇਹ ਕਮਿਸ਼ਨ ਵਿਚਾਰਦੇ ਰਹਿਣਗੇ। ਅਕਾਲੀ ਦਲ ਜੋ ਲਗਭਗ ਸੌ ਸਾਲ ਪਹਿਲਾਂ ਸਿੱਖ ਪੰਥ ਦੇ ਰਾਜਨੀਤਕ ਹੱਕਾਂ ਦੀ ਰਾਖੀ ਲਈ ਬਣਾਈ ਗਈ ਸੀ, ਉਸ ਦੀ ਅਜੋਕੀ ਲੀਡਰਸ਼ਿਪ ਨੇ ਸਿੱਖ ਸਿਧਾਂਤਾਂ ਸਿੱਖ ਕਦਰਾਂ ਕੀਮਤਾਂ ਅਤੇ ਸਿੱਖ ਸਮਾਜ ਨੂੰ ਹੀ ਖੋਰਾ ਲਾ ਦਿੱਤਾ।

ਸਵਾਲ ਇਹ ਵੀ ਹੈ ਕਿ ਜੋ ਟਕਸਾਲੀ ਆਗੂ ਅਕਾਲੀ ਦਲ ਦਾ ਨਵਾਂ ਢਾਂਚਾ ਬਣਾ ਰਹੇ ਹਨ, ਕੀ ਉਹ ਨਿਰੋਲ ਸਿੱਖਾਂ ਦਾ ਹੋਵੇਗਾ ਜਾਂ ਉਸ ਵਿੱਚ ਗੈਰ ਸਿੱਖ ਵੀ ਹੋਣਗੇ, ਜਿਵੇਂ 1996 ਤੋਂ ਬਾਅਦ ਅਕਾਲੀ ਦਲ ਨੇ ਆਪਣਾ ਸੰਵਿਧਾਨ ਬਦਲ ਕੇ ਆਪਣੇ-ਆਪ ਨੂੰ ਪੰਜਾਬੀ ਪਾਰਟੀ ਐਲਾਨ ਦਿੱਤਾ ਸੀ। ਸਵਾਲ ਇਹ ਵੀ ਉੱਠੇਗਾ ਕਿ ਜਿਸ ਪਾਰਟੀ ਵਿੱਚ ਗੈਰ ਸਿੱਖ ਸ਼ਾਮਲ ਹੋਣ, ਉਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਤੇ ਗੁਰਦੁਆਰਿਆਂ ਦਾ ਕੰਟਰੋਲ ਕਰਨਾ ਮੁਨਾਸਿਬ ਹੈ? ਟਕਸਾਲੀ ਆਗੂਆਂ ਵੱਲੋਂ ਇਕੱਠੇ ਹੋ ਕੇ ਨਵੀਂ ਪਾਰਟੀ ਵਜੋਂ ਪੰਥਕ ਸਿਧਾਂਤਾਂ ਨੂੰ ਲਾਗੂ ਕਰਨ ਦਾ ਹੋਕਾ ਦਿੱਤਾ ਗਿਆ ਹੈ। ਨਵੀਂ ਟਕਸਾਲੀ ਅਕਾਲੀ ਪਾਰਟੀ ਸ਼੍ਰੋਮਣੀ ਕਮੇਟੀ ਚੋਣ ਲਈ ਲਾਮਬੰਦ ਹੋ ਰਹੀ ਹੈ ਜਾਂ ਪੰਜਾਬ ਵਿਧਾਨ ਸਭਾ ਲਈ? ਦੂਜੇ ਪਾਸੇ ਕੀ ਪੰਜਾਬ ਵਿਧਾਨ ਸਭਾ ਦੀ ਚੋਣ ਬਗੈਰ ਗੈਰ ਸਿੱਖਾਂ ਦੇ ਲੜੀ ਜਾ ਸਕਦੀ ਹੈ? ਟਕਸਾਲੀ ਆਗੂ ਅਕਾਲੀ ਦਲ ਦੇ ਖੁੱਸ ਚੁੱਕੇ ਵੱਕਾਰ ਨੂੰ ਕਿਵੇਂ ਦੁਬਾਰਾ ਕਾਇਮ ਕਰਨਗੇ? ਇਸੇ ਕਰ ਕੇ ਅਕਾਲੀ ਦਲ ਦੇ ਦੋ ਸੰਵਿਧਾਨਾਂ ਦੇ ਮੁੱਦੇ ਉੱਤੇ ਅਦਾਲਤ ਵਿੱਚ ਚੱਲਦੇ ਮੁਕੱਦਮੇ 'ਤੇ ਨਾਂ ਕਾਂਗਰਸ ਦੀ ਸਰਕਾਰ ਵੇਲੇ ਕੋਈ ਫੈਸਲਾ ਆਇਆ ਅਤੇ ਨਾ ਭਾਜਪਾ ਦੇ ਰਾਜ ਵਿੱਚ ਇਹ ਸੁਲਝਦਾ ਨਜ਼ਰ ਆ ਰਿਹਾ ਹੈ। ਇਹ ਮਸਲਾ ਸਮੁੱਚੇ ਪੰਥ ਦੇ ਵੀ ਵਿਚਾਰਨਯੋਗ ਹੈ।

ਸਿੱਖ ਸਮਾਜ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਸਿੱਖ ਧਰਮ ਨੂੰ ਬਚਾਉਣ ਨੂੰ ਪਹਿਲ ਦੇਣੀ ਹੈ ਜਾਂ ਸਿੱਖ ਸਿਆਸੀ ਲੀਡਰਾਂ ਦੀ ਕੁਰਸੀ। ਸਿੱਖਾਂ ਨੂੰ ਯਹੂਦੀ ਇਤਿਹਾਸ ਤੋਂ ਇਹ ਸਬਕ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਦੋ-ਢਾਈ ਹਜ਼ਾਰ ਸਾਲ ਬਗੈਰ ਰਾਜ ਆਪਣੇ ਆਪ ਨੂੰ ਬਚਾਏ ਹੀ ਨਹੀਂ ਰੱਖਿਆ, ਸਗੋਂ ਪ੍ਰਫੁੱਲਤ ਵੀ ਕੀਤਾ। ਇਸ ਦੇ ਨਤੀਜੇ ਵਜੋਂ ਅਸੀਂ ਅੱਜ ਦੇਖ ਰਹੇ ਹਾਂ ਕਿ ਯਹੂਦੀ ਸੰਸਾਰ ਵਿੱਚ ਛਾਏ ਹੋਏ ਹਨ। ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਨੇ ਬਹੁਤ ਕੁਰਬਾਨੀਆਂ ਤੋਂ ਬਾਅਦ ਲਗਭਗ ਸੌ ਸਾਲ ਪੁਰਾਣੀ ਪਾਰਟੀ ਦੇ ਸਿਧਾਂਤਾਂ ਨੂੰ ਤਾਰ-ਤਾਰ ਕਰ ਕੇ ਇਸ ਦੀ ਹੋਂਦ ਨੂੰ ਬਹੁਤ ਵੱਡੀ ਢਾਹ ਲਾਈ ਹੈ, ਜਿਸ ਨੇ ਇਸ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਕੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਆਮ ਸਿੱਖ ਮਾਨਸਿਕਤਾ ਵਿਰੁੱਧ ਭਾਜਪਾ ਨਾਲ ਕੀਤੇ ਹੋਏ ਬੇਅਸੂਲੇ ਗਠਜੋੜ 'ਤੇ ਪੁਨਰ ਵਿਚਾਰ ਕਰੇਗੀ?

# ਕਦੇ ਨਾ ਖਾਧੇ ਤੇਰੇ ਖੱਟੇ-ਮਿੱਠੇ ਜਾਮਣੂੰ

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਕਦੇ ਨਾ ਖਾਧੇ ਤੇਰੇ ਖੱਟੇ-ਮਿੱਠੇ ਜਾਮਣੂੰ
ਕਦੇ ਨਾ ਖਾਧੇ ਤੇਰੇ ਰਸ ਪੇੜੇ
ਤੂੰਬਾ ਵੱਜਦਾ ਈ ਜਾਲਮਾ, ਵਿੱਚ ਵਿਹੜੇ..

ਖੱਟੇ-ਮਿੱਠੇ ਜਾਮਣੂੰ ਅੱਜ-ਕੱਲ੍ਹ ਘਰੀਂ ਘੱਟ ਤੇ ਬਾਜ਼ਾਰੀਂ ਵੱਧ ਮਿਲਦੇ ਹਨ। ਜਿਹੜੇ ਰੁੱਖ ਹਰ ਸਾਲ ਕਾਲੀਆਂ ਸ਼ਾਹ ਜਾਮਣਾਂ ਨਾਲ ਭਰਦੇ ਹੁੰਦੇ ਸਨ, ਉਹ ਹਰ ਦਿਨ ਮਨੁੱਖ ਦੀ ਹੋ ਰਹੀ ਤਰੱਕੀ ਦੀ ਭੇਟ ਚੜ੍ਹ ਰਹੇ ਹਨ। ਪਹਿਲਾਂ-ਪਹਿਲਾਂ ਕੌਣ ਰੇਹੜੀਆਂ ਤੋਂ ਜਾਮਣਾਂ, ਤੂਤੀਆਂ, ਅੰਬੀਆਂ, ਖ਼ਰੀਦਦਾ ਸੀ? ਨਾਨਕੀਂ-ਦਾਦਕੀਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜਵਾਕ ਟੋਲੀਆਂ ਬਣਾ-ਬਣਾ ਰੁੱਖਾਂ ਨੂੰ ਚਿੰਬੜ ਜਾਂਦੇ ਸਨ। ਆਪਣੀ ਪੇਟ-ਪੂਜਾ ਕਰਨ ਉਪਰੰਤ ਹਰ ਜਵਾਕ ਆਪਣਾ ਮੂੰਹ, ਜੀਭ, ਜੇਬਾਂ ਸਭ ਜਾਮਣੀ ਰੰਗ ਵਿੱਚ ਰੰਗੀਂ ਤੇ ਮਾਂ ਨੂੰ ਖ਼ੁਸ਼ ਕਰਨ ਹਿਤ ਝੋਲੀ ਜਾਮਣਾਂ ਦੀ ਭਰੀ ਲੈ ਦੱਬੇ ਪੈਰੀਂ ਘਰੇ ਆਣ ਵੜਦੇ ਸਨ ਤੇ ਸ਼ਾਇਦ ਇਸੇ ਕਰਕੇ ਪਹਿਲਾਂ ਲੋਕਾਂ ਦੇ ਘਰੀਂ ਸ਼ੂਗਰ ਵਰਗੀਆਂ ਬਿਮਾਰੀਆਂ ਨਹੀਂ ਸਨ ਵੜਦੀਆਂ। ਰਸ-ਪੇੜੇ ਤਾਂ ਦੂਰ ਦੀ ਗੱਲ, ਅੱਜਕੱਲ੍ਹ ਚਾਹ ਵੀ ਫਿੱਕੀ ਪਰੋਸਣੀ ਉਚੇ ਰੁਤਬੇ ਦੀ ਨਿਸ਼ਾਨੀ ਬਣ ਗਈ ਹੈ।

ਜਾਵਾ ਪਲੰਮ, ਬਲੈਕ ਪਲੰਮ, ਪੁਰਤਗਾਲੀ ਪਲੰਮ, ਇੰਡੀਅਨ ਬਲੈਕ ਬੈਰੀ, ਜੰਬੂਲ ਆਦਿ ਅਨੇਕਾਂ ਨਾਵਾਂ ਨਾਲ ਜਾਣੇ ਜਾਂਦੇ ਇਸ ਰੁੱਖ ਦਾ ਵਿਗਿਆਨਕ ਨਾਮ ਸਿਆਜ਼ਿਅਮ ਕਿਊਮਿਨ ਹੈ। ਇਸ ਤੋਂ ਬਿਨਾਂ ਲੰਬੂਤਰੇ ਫ਼ਲਾਂ ਵਾਲੀ ਕਿਸਮ 'ਰਾਮ ਜਾਮਣ' ਬਹੁਤ ਪ੍ਰਚੱਲਿਤ ਹੈ। ਰਾਮ ਜਾਂ ਰਾਏ ਜਾਮਣ ਦੇ ਨਾਂ ਨਾਲ ਜਾਣੀ ਜਾਂਦੀ ਇਸ ਕਿਸਮ ਦਾ ਵਿਗਿਆਨਕ ਨਾਮ ਸਿਆਜ਼ਿਅਮ ਨੈਰਵੋਸਮ ਹੈ। ਗੁਜਰਾਤ ਦੇ ਸੂਬੇ ਵੱਲ ਪਾਰਸ ਦੀ ਕਿਸਮ ਕਾਫ਼ੀ ਪ੍ਰਚੱਲਿਤ ਹੈ। ਇਸ ਤੋਂ ਬਿਨਾ 'ਸੈਂਟਰਲ ਇੰਸਟੀਚਿਊਟ ਫਾਰ ਸਬ-ਟਰੋਪੀਕਲ ਹਾਰਟੀਕਲਚਰ ਲਖਨਊ' ਨੇ ਵੀ ਕੁਝ ਕਿਸਮਾਂ ਵਿਕਸਤ ਕੀਤੀਆਂ ਹਨ। ਭਾਰਤ ਤੋਂ ਬਾਹਰ ਇੰਡੋਨੇਸ਼ੀਆ ਵਿੱਚ ਜਾਮਣ ਦੀਆਂ ਕਾਫ਼ੀ ਪ੍ਰਚੱਲਿਤ ਕਿਸਮਾਂ ਵੇਖਣ ਨੂੰ ਮਿਲਦੀਆਂ ਹਨ।

ਜਾਮਣ ਨੂੰ ਸਾਡੇ ਦੇਸ਼ ਵਿੱਚ ਦੇਵਤਿਆਂ ਦੇ ਫ਼ਲ ਵਜੋਂ ਜਾਣਿਆ ਜਾਂਦਾ ਤੇ ਮੰਨਿਆ ਜਾਂਦਾ ਹੈ ਕਿ ਭਗਵਾਨ ਸ੍ਰੀ ਰਾਮ ਚੰਦਰ ਨੇ ਆਪਣੇ ਚੌਦਾਂ ਸਾਲਾਂ ਦੇ ਬਨਵਾਸ ਵੇਲੇ ਜਾਮਣ ਦੇ ਫ਼ਲ ਦਾ ਜੰਗਲ ਵਿੱਚ ਖ਼ੂਬ ਸੇਵਨ ਕੀਤਾ। ਬੁੱਧ ਧਰਮ ਦੇ ਲੋਕ ਵੀ ਇਸ ਰੁੱਖ ਨੂੰ ਸ਼ੁਭ ਮੰਨਦੇ ਹਨ। ਪੁਰਾਣੇ ਵੇਲਿਆਂ ਵਿੱਚ ਲੋਕ ਪੰਡਤਾਂ ਨੂੰ ਜਾਮਣ ਦੇ ਰੁੱਖ ਹੇਠ ਭੋਜਨ ਕਰਵਾਉਣਾ ਸ਼ੁਭ ਮੰਨਦੇ ਸਨ। ਜਾਮਣ ਦੇ ਪੱਤੇ, ਸੱਕ, ਫੁੱਲ, ਫ਼ਲ ਅਤੇ ਬੀਜਾਂ ਨੂੰ 'ਪੰਜ ਅੰਮ੍ਰਿਤ' ਦੇ ਤੌਰ 'ਤੇ ਮੰਨਿਆ ਜਾਂਦਾ ਰਿਹਾ ਹੈ।

ਦਰਿਆਵਾਂ ਦੇ ਕੰਢੇ, ਸਿੱਲ੍ਹੇ ਵਾਤਾਵਰਣ ਵਿੱਚ ਖ਼ੂਬ ਵਧਣ-ਫੁੱਲਣ ਵਾਲਾ ਇਹ ਰੁੱਖ ਭਾਰਤ ਦੇ ਕਈ ਭਾਗਾਂ ਵਿੱਚ ਗਰਮ ਤੇ ਖ਼ੁਸ਼ਕ ਇਲਾਕਿਆਂ ਤੋਂ ਛੁੱਟ ਜੰਗਲੀ ਰੂਪ ਜਾਂ ਖੇਤਾਂ ਵਿੱਚ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿੱਚ ਜਾਮਣ ਬਾਗ਼ ਦੇ ਰੂਪ ਵਿੱਚ ਨਾ ਹੋ ਕੇ ਸੜਕਾਂ ਘਰਾਂ, ਬਗੀਚਿਆਂ, ਨਹਿਰਾਂ ਨੇੜਲੇ ਸਥਾਨਾਂ ਵਿੱਚ ਵਿਖਾਈ ਦਿੰਦਾ ਹੈ। ਪੰਜਾਬ ਵਿੱਚ ਝੋਨੇ ਦੀ ਆਮਦ ਤੋਂ ਪਹਿਲਾਂ ਖੇਤਾਂ ਵਿੱਚ ਜਾਮਣਾਂ ਦੇ ਰੁੱਖ ਖ਼ੂਬ ਮਿਲਦੇ ਸਨ। ਇਸ ਰੁੱਖ ਦਾ ਜ਼ਿਕਰ ਪੰਜਾਬੀ ਸਾਹਿਤ-ਸਿੱਠਣੀਆਂ ਵਿੱਚ ਬਹੁਤ ਨਜ਼ਰ ਆਉਂਦਾ ਹੈ।

ਸੋਹਣ ਸਿਆਂ ਜਾਮਣਾਂ ਖਾ ਵੇ
ਬਾਗ਼ਾਂ ਦੀਆਂ ਜਾਮਣਾਂ ਸੁਆਦ ਮਿੱਠੀਆਂ
ਹਾਏ ਵੇ! ਜਾਮਣਾਂ ਖਾ ਲੈ ਵੇ
ਬਾਗ਼ਾਂ ਦੀਆਂ ਜਾਮਣਾਂ ਸੁਆਦ ਮਿੱਠੀਆਂ
ਅੰਮਾਂ ਸਾਨੂੰ ਦੇ ਦੇਹ ਵੇ
ਧੁਰੋਂ ਲਾਹੌਰੋਂ ਸਾਨੂੰ ਆਈਆਂ ਚਿੱਠੀਆਂ

ਦਰਮਿਆਨੇ ਤੋਂ ਵੱਡੇ ਆਕਾਰ ਦੇ ਇਸ ਰੁੱਖ ਦਾ ਸੱਕ ਖੁਰਦਰਾ ਭੂਸਲੇ ਜਿਹੇ ਰੰਗ ਦਾ ਹੁੰਦਾ ਹੈ। ਜਾਮਣ ਦੇ ਪੱਤੇ ਇੱਕ-ਦੂਜੇ ਦੇ ਆਹਮੋ-ਸਾਹਮਣੇ ਨਿਕਲਦੇ ਅਤੇ ਚਮਕਦਾਰ ਹੁੰਦੇ ਹਨ। ਪੱਤਿਆਂ ਉਪਰਲੀਆਂ ਰਗਾਂ ਬੜੀਆਂ ਸਾਫ਼ ਨਜ਼ਰ ਆਉਂਦੀਆਂ ਹਨ। ਪੱਤਿਆਂ ਨੂੰ ਸੂਰਜ ਵੱਲ ਕਰਕੇ ਵੇਖਣ ਉੱਤੇ ਰਗਾਂ ਦੇ ਨਾਲ-ਨਾਲ ਪਾਰਦਰਸ਼ੀ ਦਾਣੇ ਜਿਹੇ ਵੀ ਨਜ਼ਰ ਆਉਂਦੇ ਹਨ। ਮਾਰਚ-ਅਪ੍ਰੈਲ ਦੇ ਦਿਨੀਂ ਜਦੋਂ ਰੁੱਖ ਪੂਰਾ ਹਰਿਆ-ਭਰਿਆ ਹੁੰਦਾ ਹੈ ਤਾਂ ਇਸ ਉਪਰ ਘਸਮੈਲੇ ਚਿੱਟੇ ਰੰਗ ਦੇ ਛੋਟੇ-ਛੋਟੇ ਗੁੱਛਿਆਂ ਵਿੱਚ ਫੁੱਲ ਨਿਕਲਦੇ ਹਨ, ਜਿਨ੍ਹਾਂ ਵਿੱਚੋਂ ਹਲਕੀ ਮਹਿਕ ਮਹਿਸੂਸ ਕੀਤੀ ਜਾਂਦੀ ਹੈ। ਸਾਉਣ ਮਹੀਨੇ ਜਾਂ ਅੰਗਰੇਜ਼ੀ ਦੇ ਜੂਨ-ਜੁਲਾਈ ਮਹੀਨਿਆਂ ਦੌਰਾਨ ਰੁੱਖ ਜਾਮਣਾਂ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ।

ਜੇਠ ਹਾੜ੍ਹ ਵਿੱਚ ਅੰਬ ਬਥੇਰੇ
ਸਾਉਣ ਜਾਮਣੂੰ ਪੀਲਾਂ
ਰਾਂਝਿਆ ਆ ਜਾ ਵੇ
ਤੈਨੂੰ ਪਾ ਕੇ ਪਟਾਰੀ ਵਿੱਚ ਕੀਲਾਂ

ਸ਼ੁਰੂਆਤੀ ਦਿਨਾਂ ਵਿੱਚ ਹਰੇ ਰੰਗ ਦੀਆਂ ਇਹ ਜਾਮਣਾਂ ਪੱਕ ਕੇ ਹੌਲੀ-ਹੌਲੀ ਬੈਂਗਣੀ ਕਾਲੇ ਰੰਗ ਵਿੱਚ ਤਬਦੀਲ ਹੋ ਜਾਂਦੀਆਂ ਹਨ। ਕਾਲੇ ਰੰਗ ਦੇ ਇਨਸਾਨਾਂ ਨੂੰ ਜਾਮਣਾਂ ਦੇ ਰੰਗ ਨਾਲ ਸੁਮੇਲਿਆਂ ਤਾਹਨੇ ਮਾਰੇ ਜਾਣ ਦੀ ਮਿਸਾਲ ਸਾਹਿਤਕ ਵੰਨਗੀ ਵਿੱਚ ਸੁਣਨ ਨੂੰ ਮਿਲਦੀ ਹੈ।

ਕੁਲਵੰਤ ਸਿਆਂ
ਕਾਲਾ-ਕਾਲਾ-ਕਾਲਾ
ਦਾਰੀ ਦਿਆ ਕਿਸ ਨੂੰ ਗੁਣੇ
ਵੇ ਤੂੰ ਕਾਲਾ-ਕਾਲਾ-ਕਾਲਾ
ਮੇਰੀ ਮਾਂ ਗਈ ਜਾਮਣ ਹੇਠ
ਮੈਂ ਸਾਂ ਮਾਂ ਦੇ ਪੇਟ
ਮਹੀਨਾ ਸੀ ਜੇਠ
ਮੈਂ ਕਾਲਾ ਇਸ ਗੁਣੇ

ਕੂਲੀਆਂ, ਚਮਕਦਾਰ ਅਤੇ ਰਸਦਾਰ ਜਾਮਣਾਂ ਦਾ ਸੁਆਦ ਮਿਠਾਸ ਦੇ ਨਾਲ-ਨਾਲ ਕੁਸੈਲਾ ਵੀ ਹੁੰਦਾ ਹੈ। ਜਾਮਣਾਂ ਨੂੰ ਲੂਣ ਲਾ ਕੇ ਖਾਣਾ ਪੇਟ ਅਤੇ ਸੁਆਦ ਦੋਹਾਂ ਲਈ ਵਧੀਆ ਹੁੰਦਾ ਹੈ। ਉਹ ਗੱਲ ਹੋਰ ਹੈ ਕਿ ਕਈ ਤਾਂ ਮਿੱਟੀ ਲਿੱਬੜੀਆਂ ਨੂੰ ਵੀ ਲੂਣ ਲੱਗੀਆਂ ਵਾਂਗ ਹੀ ਸਵਾਦ ਲਾ ਕੇ ਖਾ ਜਾਂਦੇ ਹਨ। ਜਾਮਨ ਦੇ ਫ਼ਲਾਂ ਤੋਂ ਸ਼ਰਾਬਤ, ਜੈਮ, ਜੈਲੀ, ਸਿਰਕਾ, ਸ਼ਰਾਬ, ਪਾਚਣ ਸ਼ਕਤੀ ਵਧਾਉਣ ਦੇ ਚੂਰਨ ਆਦਿ ਬਣਾਏ ਜਾਂਦੇ ਹਨ। ਖੱਟਾਪਣ ਹੋਣ ਕਰਕੇ ਜਾਮਣਾਂ ਨੂੰ ਦੁੱਧ ਨਾਲ ਖਾਣ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਜਾਮਣ ਦੇ ਪੱਤੇ ਪਸ਼ੂਆਂ ਲਈ ਚਾਰੇ ਵਜੋਂ, ਮਸੂੜਿਆਂ ਨੂੰ ਮਜ਼ਬੂਤ ਕਰਨ ਲਈ ਚਬਾਉਣ ਲਈ ਪਸੰਦ ਕੀਤੇ ਜਾਂਦੇ ਹਨ। ਮੱਧ ਪ੍ਰਦੇਸ਼ ਵੱਲ ਜਾਮਣ ਦੇ ਪੱਤਿਆਂ ਉਪਰ ਰੇਸ਼ਮ ਦੇ ਕੀੜੇ ਪਾਲੇ ਜਾਂਦੇ ਹਨ। ਇਸ ਰੁੱਖ ਦੀ ਜੜ੍ਹ ਫ਼ਲ ਅਤੇ ਸੁੱਕੇ ਹੋਏ ਬੀਜ ਸ਼ੂਗਰ ਦੇ ਮਰੀਜ਼ਾਂ ਲਈ ਵਰਦਾਨ ਸਮਝੇ ਜਾਂਦੇ ਹਨ। ਗੁਠਲੀ ਵਿੱਚ ਗਲੂਕੋਸਾਈਡ ਦੀ ਮੌਜੂਦਗੀ ਸਟਾਰਚ ਨੂੰ ਸ਼ੂਗਰ ਵਿੱਚ ਬਦਲਣ ਹੋਣ ਤੋਂ ਰੋਕਦੀ ਹੈ।

ਜਾਮਣ ਦੇ ਫੁੱਲਾਂ ਵਿੱਚ ਮੌਜੂਦ ਰਸ ਮਧੂ-ਮੱਖੀਆਂ ਅਤੇ ਹੋਰ ਕੀਟ-ਪਤੰਗਿਆਂ ਨੂੰ ਆਕਰਿਸ਼ਤ ਕਰਦਾ ਹੈ। ਜਾਮਣ ਦੇ ਰੁੱਖ ਦਾ ਸੱਕ ਟੈਨਿਨ ਦੀ ਮੌਜੂਦਗੀ ਹੋਣ ਕਰਕੇ ਚਮੜੇ ਦੀ ਰੰਗਾਈ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਛਿੱਲ ਕਾੜ੍ਹੇ ਦੇ ਰੂਪ ਵਿੱਚ ਮੂੰਹ ਸਾਫ਼, ਗਰਾਰੇ ਲਈ ਵਰਤੀ ਜਾਂਦੀ ਹੈ। ਬੱਚਿਆਂ ਵਿੱਚ ਦਸਤ ਰੋਕਣ ਲਈ ਬੱਕਰੀ ਦੇ ਦੁੱਧ ਵਿੱਚ ਮਿਲਾ ਕੇ ਨੁਸਖੇ ਤਿਆਰ ਕੀਤੇ ਜਾਂਦੇ ਹਨ। ਜਾਮਣ ਦੀ ਲੱਕੜ ਬਾਬਤ ਬੜੀ ਪੁਰਾਣੀ ਕਹਾਵਤ ਮਸ਼ਹੂਰ ਹੈ, 'ਜਾਮਣਾ ਗਿੱਲਾ ਗੋਹਾ ਅਤੇ ਸੁੱਕਾ ਲੋਹਾ'। ਭਾਵ ਗਿੱਲੀ ਲੱਕੜ ਬਹੁਤ ਨਰਮ ਹੁੰਦੀ ਹੈ ਅਤੇ ਕਈ ਵਾਰ ਫ਼ਲ ਦੇ ਭਾਰ ਨਾਲ ਟਾਹਣਾ ਟੁੱਟ ਕੇ ਥੱਲੇ ਡਿੱਗ ਪੈਂਦਾ ਹੈ, ਪਰ ਸੁੱਕਣ ਪਿੱਛੋਂ ਲੱਕੜ ਸਖ਼ਤ ਹੋ ਜਾਂਦੀ ਹੈ ਅਤੇ ਪੱਕੀ ਲੱਕੜ 'ਤੇ ਰੰਦੇ ਨਾਲ ਕੰਮ ਕਰਨਾ ਔਖਾ ਹੋਣ ਕਰਕੇ ਲੱਕੜ ਵਾਲੇ ਮਿਸਤਰੀ ਮੁਸ਼ਕਿਲ ਮਹਿਸੂਸ ਕਰਦੇ ਹਨ।

ਜਾਮਣ ਵਿੱਚੋਂ ਪ੍ਰੋਟੀਨ, ਕਾਰਬੋਹਾਈਡਰੇਟ, ਵਿਟਾਮਿਨ ਏ ਅਤੇ ਸੀ ਆਦਿ ਦੀ ਪ੍ਰਾਪਤੀ ਹੁੰਦੀ ਹੈ। ਆਯੂਰਵੈਦਿਕ, ਯੂਨਾਨੀ ਤੇ ਚੀਨੀ ਦਵਾ ਦੇ ਨੁਸਖਿਆਂ ਵਿੱਚ ਜਾਮਣ ਦੀ ਖ਼ੂਬ ਵਰਤੋਂ ਹੁੰਦੀ ਹੈ। ਅਨੇਕਾਂ ਨੁਸਖੇ ਅਨੇਕਾਂ ਬਿਮਾਰੀਆਂ ਜਿਵੇਂ ਕਿ ਅੱਖਾਂ ਦਾ ਮੋਤੀਆਂ, ਕੰਨਾਂ ਦਾ ਵਗਣਾ, ਅਫ਼ਾਰਾ, ਦਿਲ ਦੇ ਰੋਗ, ਫੋੜੇ-ਫਿਨਸੀਆਂ, ਪੱਥਰੀ ਰੋਗ, ਬਲਗਮ, ਪਾਚਨ ਪ੍ਰਣਾਲੀ, ਪੇਸ਼ਾਬ ਰੋਗ, ਬਵਾਸੀਰ ਆਦਿ ਦੇ ਇਲਾਜ ਲਈ ਵਰਤੇ ਜਾਂਦੇ ਹਨ, ਪਰ ਕੋਈ ਵੀ ਨੁਸਖਾ ਆਪਣੇ ਪੱਧਰ 'ਤੇ ਵਰਤਣ ਨਾਲੋਂ ਕਿਸੇ ਆਯੂਰਵੈਦਿਕ ਜਾਂ ਹੋਰ ਪ੍ਰਣਾਲੀ ਦੇ ਮਾਹਿਰ ਨਾਲ ਰਾਇ ਕਰਕੇ ਹੀ ਵਰਤਣਾ ਚਾਹੀਦਾ ਹੈ।

ਜਾਮਣ ਦੇ ਰੁੱਖ ਉਗਾਉਣ/ ਵਧਾਉਣ ਦਾ ਸਭ ਤੋਂ ਪੁਰਾਤਨ ਤੇ ਸੌਖਾ ਤਰੀਕਾ ਬੀਜ ਰਾਹੀਂ ਹੈ। ਇਹ ਪਿਉਂਦ, ਦਾਬ, ਕਲਮ ਜਾਂ ਟਿਸ਼ੂ ਕਲਚਰ ਆਦਿ ਵਿਧੀਆਂ ਰਾਹੀਂ ਵੀ ਉਗਾਏ ਜਾਂ ਵਧਾਏ ਜਾ ਸਕਦੇ ਹੁੰਦੇ ਹਨ। ਪੰਜਾਬ ਵਿੱਚ ਇਸ ਰੁੱਖ ਉਪਰ ਖੋਜ ਕਾਰਜ ਕੀਤੇ ਗਏ ਹਨ, ਪਰ ਬਹੁਤ ਜ਼ਿਆਦਾ ਨਹੀਂ। ਜਾਮਣ ਸਾਡੇ ਪੁਰਾਤਨ ਵਿਰਾਸਤੀ ਰੁੱਖਾਂ ਵਿੱਚੋਂ ਇੱਕ ਹੈ, ਜੋ ਛਾਂ, ਫ਼ਲ ਹੀ ਨਹੀਂ, ਅਨੇਕਾਂ ਤਰ੍ਹਾਂ ਨਾਲ ਸਾਡੇ ਮਨੁੱਖਾਂ ਲਈ ਹੀ ਨਹੀਂ, ਸਗੋਂ ਜਾਨਵਰਾਂ ਤੇ ਪੰਛੀਆਂ ਆਦਿ ਲਈ ਵੀ ਬੇਹੱਦ ਗੁਣਕਾਰੀ ਹੈ। ਅਜਿਹੇ ਗੁਣਕਾਰੀ ਰੁੱਖਾਂ ਨੂੰ ਮਨੋਂ ਨਹੀਂ ਵਿਸਾਰਨਾ ਚਾਹੀਦਾ ਸਗੋਂ ਢੁਕਵੇਂ ਥਾਵਾਂ 'ਤੇ ਬਹੁ-ਗਿਣਤੀ ਵਿੱਚ ਲਾਉਣਾ ਚਾਹੀਦਾ ਹੈ।

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਇਆ ਛੋਲੇ
ਜਾਮਣੂੰ ਦੀ ਗਿਟਕ ਜਿਹਾ
ਮੇਰੇ ਸਾਹਮਣੇ ਤੜਾ ਤੜ ਬੋਲੇ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਮਿੰਨੀ ਕਹਾਣੀ ਵਰਕ ਫਰਾਮ ਹੋਮ

-ਲਲਿਤਾ ਭਾਟੀਆ

ਅਕਸਰ ਸੁਣਦੀ ਸੀ ਕਿ ਵਿਦੇਸ਼ਾਂ ਵਿੱਚ ਵਰਕ ਫਰਾਮ ਹੋਮ ਹੁੰਦਾ ਹੈ। ਕਿਵੇਂ ਕਰਦੇ ਹੋਣਗੇ ਕੰਮ? ਘਰ ਦੇ ਮੈਂਬਰ ਡਿਸਟਰਬ ਨਹੀਂ ਕਰਦੇ ਹੋਣਗੇ? ਮਜ਼ਾ ਵੀ ਕਿੰਨਾ ਆਉਂਦਾ ਹੋਵੇਗਾ। ਸਵੇਰੇ ਉਠਣ ਦੀ ਜਲਦੀ ਨਹੀਂ ਹੁੰਦੀ ਹੋਵੇਗੀ। ਮਨ ਵਿੱਚ ਇੱਛਾ ਹੁੰਦੀ ਸੀ ਕਿ ਕਦੇ ਮੈਂ ਵੀ ਘਰ ਤੋਂ ਕੰਮ ਕਰਾਂ। ਕੋਰੋਨਾ ਨੇ ਆ ਕੇ ਮੇਰੀ ਇਹ ਇੱਛਾ ਪੂਰੀ ਕਰ ਦਿੱਤੀ। ਕੋਰੋਨਾ ਕਾਰਨ ਪੂਰੇ ਦੇਸ਼ ਵਿੱਚ ਲਾਕਡਾਊਨ ਹੋ ਗਿਆ। ਦਫਤਰ ਬੰਦ ਕਰ ਦਿੱਤੇ ਗਏ ਅਤੇ ਸਭ ਦੇ ਲਈ ਘਰੋਂ ਕੰਮ ਕਰਨ ਦੇ ਆਰਡਰ ਹੋ ਗਏ। ਮੈਨੂੰ ਜਿਵੇਂ ਮੂੰਹ ਮੰਗੀ ਮੁਰਾਦ ਮਿਲ ਗਈ। ਕਿਤੇ ਜਾਣ ਦੀ ਜਲਦੀ ਨਹੀਂ ਹੁੰਦੀ। 8.30 ਵਜੇ ਉਠੋ ਤੇ ਨਹਾ-ਧੋ ਟੇਬਲ 'ਤੇ ਬੈਠ ਜਾਓ। ਸਵੇਰ ਦੀ ਚਾਹ ਮੰਮੀ ਟੇਬਲ 'ਤੇ ਦਿੰਦੀ ਅਤੇ ਉਸ ਦੇ ਬਾਅਦ ਨਾਸ਼ਤਾ ਵੀ। ਦੁਪਹਿਰ ਦਾ ਲੰਚ ਮੈਂ ਆਪਣੇ ਪਰਵਾਰ ਦੇ ਨਾਲ ਕਰਦੀ। ਦੋ-ਚਾਰ ਦਿਨ ਤਾਂ ਸਭ ਠੀਕ-ਠਾਕ ਚੱਲਿਆ, ਉਸ ਦੇ ਬਾਅਦ ਕੁਝ ਹਾਸੋਹੀਣੇ ਹਾਲਾਤ ਪੈਦਾ ਹੋਣ ਲੱਗੇ।

ਇੱਕ ਦਿਨ ਮੇਰੀ ਆਪਣੇ ਬੌਸ ਨਾਲ ਮੀਟਿੰਗ ਚੱਲ ਰਹੀ ਸੀ। ਮੰਮੀ ਗੈਸ 'ਤੇ ਕੁੱਕਰ ਚੜ੍ਹਾ ਕੇ ਨਹਾਉਣ ਚਲੀ ਗਈ ਸੀ। ਨਾਲ ਹੀ ਮੈਨੂੰ ਹਦਾਇਤ ਦੇ ਗਈ ਕਿ ਚਾਰ ਸੀਟੀਆਂ ਆਉਣ ਮਗਰੋਂ ਗੈਸ ਬੰਦ ਕਰ ਦੇਣਾ। ਮੰਮੀ ਨਹਾ ਕੇ ਆਈ, ਮੈਂ ਤਦ ਵੀ ਮਟਿੰਗ ਵਿੱਚ ਸੀ। ਆਉਂਦੇ ਹੀ ਉਨ੍ਹਾਂ ਨੇ ਪੁੱਛਿਆ, "ਕਿੰਨੀਆਂ ਸੀਟੀਆਂ ਆਈਆਂ?"

ਮੈਂ ਜਵਾਬ ਦਿੱਤਾ, "ਚਾਰ।"

"ਨਹੀਂ, ਪੰਜ ਸੀਟੀਆਂ ਆ ਗਈਆਂ।" ਓਧਰੋਂ ਮੇਰੇ ਬੌਸ ਬੋਲੇ। ਸੋਚੋ ਉਸ ਸਮੇਂ ਮੇਰੀ ਕੀ ਹਾਲਤ ਹੋਈ ਹੋਵੇਗੀ।

ਮੈਂ ਇੱਕ ਦਿਨ ਫੋਨ ਨੂੰ ਸਪੀਕਰ 'ਤੇ ਲਾ ਕੇ ਆਪਣੇ ਇੱਕ ਸਹਿਯੋਗੀ ਨਾਲ ਗੱਲ ਕਰ ਰਹੀ ਸੀ। ਉਸ ਤੋਂ ਕਿਸੇ ਦਾ ਫੋਨ ਨੰਬਰ ਲੈਣਾ ਸੀ। ਨੋਟ ਕਰਦੇ ਸਮੇਂ ਮੈਂ ਦੁਹਰਾਉਂਦੇ ਹੋਏ ਕਿਹਾ, "98 96...ਹਾਂ ਉਸ ਦੇ ਬਾਅਦ?"

"ਓ, ਉਸ ਨੇ 156 ਵੀ ਬੋਲਿਆ ਹੈ।" ਮੇਰੀ ਮੰਮੀ ਬੋਲੀ, "ਤੇਰਾ ਧਿਆਨ ਕਿਧਰ ਰਹਿੰਦਾ ਹੈ?"

ਹੋਰ ਲੈ ਲਓ ਘਰ ਤੋਂ ਕੰਮ ਕਰਨ ਦਾ ਸਵਾਦ।

ਸੱਚਮੁੱਚ, ਘਰ ਵਿੱਚ ਸਭ ਸੁੱਖ-ਸਹੂਲਤਾਂ ਹੁੰਦੇ ਹੋਏ ਵੀ ਮੈਂ ਦਫਤਰ ਨੂੰ ਮਿਸ ਕਰਦੀ ਹਾਂ। ਦਫਤਰ ਵਿੱਚ ਲੰਚ ਦੇ ਸਮੇਂ ਇੱਕ-ਦੂਸਰੇ ਨਾਲ ਟਿਫਨ ਸ਼ੇਅਰ ਕਰਨਾ, ਜਦ ਮਿਲ-ਬੈਠ ਕੇ ਗੱਪੇ ਮਾਰਦੇ ਨਾਲ-ਨਾਲ ਸ਼ਾਮ ਦੀ ਚਾਹ ਪੀਂਦੇ ਸੀ, ਵਾਕਈ ਕੀ ਦਿਨ ਹੁੰਦੇ ਸਨ। ਸ਼ਾਮ ਨੂੰ ਜਦ ਘਰ ਵਾਪਸ ਮੁੜਦੀ ਤਾਂ ਆਉਂਦੇ ਹੀ ਮੰਮੀ ਦੋ ਕੱਪ ਚਾਹ ਦੇ ਤਿਆਰ ਰੱਖਦੀ। ਦੋਵੇਂ ਬੈਠ ਕੇ ਆਰਾਮ ਨਾਲ ਚਾਹ ਪੀਂਦੇ ਤੇ ਦਿਨ ਵਿੱਚ ਕੀ-ਕੀ ਹੋਇਆ ਇੱਕ ਦੂਸਰੇ ਨੂੰ ਦੱਸਦੇ ਸਨ, ਪਰ ਅੱਜਕੱਲ੍ਹ ਤਾਂ ਮੰਮੀ ਆਰਾਮ ਨਾਲ ਬੈਠ ਕੇ ਟੀ ਵੀ ਦੇਖ ਰਹੀ ਹੁੰਦੀ ਹੈ ਅਤੇ ਛੇ ਵਜੇ ਜਦ ਮੈਂ ਆਪਣੇ ਦਫਤਰ ਦਾ ਕੰਮ ਕਰ ਕੇ ਕਮਰੇ 'ਚੋਂ ਬਾਹਰ ਆਉਂਦੀ ਹਾਂ ਤਾਂ ਕਹਿੰਦੀ ਹੈ, "ਬੇਟਾ, ਦਫਤਰ ਤੋਂ ਛੁੱਟੀ ਹੋ ਗਈ, ਜਲਦੀ ਨਾਲ ਦੋ ਕੱਪ ਚਾਹ ਬਣਾ ਲਿਆ, ਮਿਲ ਕੇ ਪੀਵਾਂਗੇ।"

ਆਈ ਮਿਸ ਮਾਇ ਆਫਿਸ...।


**WAREHOUSE ORDER PICKER** (For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**

- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or
Call Ram at +1 647-831-9149 (Morning) or Siva at +1 416-666-8525 (Evening).


## ਸਿਮਰਜੀਤ ਬੈਂਸ ਨੇ ਕਿਹਾ: ਬਾਦਲ ਦਲ ਦਾ ਚੰਡੀਗੜ੍ਹ ਵਿਖੇ ਰੋਜ਼ਾਨਾ ਧਰਨਾ 'ਚੋਰ ਮਚਾਵੇ ਸ਼ੋਰ' ਦੀ ਕਹਾਵਤ ਜਾਪਦੈ



ਲੁਧਿਆਣਾ, 11 ਅਗਸਤ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਹੈ ਕਿ ਤਰਨ ਤਾਰਨ ਵਿਖੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੀ ਦੋਸ਼ੀ ਕਾਂਗਰਸ ਨੂੰ ਦੱਸ ਕੇ ਬਾਦਲ ਅਕਾਲੀ ਦਲ ਦੇ ਆਗੂ ਚੰਡੀਗੜ੍ਹ ਵਿਖੇ ਰੋਜ਼ਾਨਾ ਧਰਨਾ ਲਾ ਕੇ 'ਚੋਰ ਮਚਾਵੇ ਸ਼ੋਰ' ਵਾਲੀ ਕਹਾਵਤ ਸਾਬਤ ਕਰ ਰਹੇ ਹਨ।

ਸਿਮਰਜੀਤ ਸਿੰਘ ਬੈਂਸ ਨੇ ਕੱਲ੍ਹ ਏਥੇ ਕਿਹਾ ਕਿ ਅਕਾਲੀ ਸਰਕਾਰ ਦੇ 10 ਸਾਲਾ ਰਾਜ ਦੌਰਾਨ 2010 ਵਿੱਚ ਟਾਂਡਾ ਅਤੇ ਦਸੂਹਾ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ 100 ਦੇ ਕਰੀਬ ਮੌਤਾਂ ਹੋਈਆਂ ਸਨ ਤੇ ਇਨ੍ਹਾਂ ਦੇ ਰਾਜ ਸਮੇਂ ਕਈ ਹੋਰ ਵੀ ਮੌਤਾਂ ਸ਼ਰਾਬ ਪੀਣ ਨਾਲ ਹੋਈਆਂ ਸਨ। ਓਦੋਂ ਕਾਂਗਰਸੀ ਧਰਨੇ-ਪ੍ਰਦਰਸ਼ਨ ਅਤੇ ਬਿਆਨਬਾਜ਼ੀ ਕਰਦੇ ਸਨ। ਬੈਂਸ ਨੇ ਕਿਹਾ ਕਿ ਚਿੱਟੇ ਦੀ ਸ਼ੁਰੂਆਤ ਅਕਾਲੀ ਸਰਕਾਰ ਦੇ ਸਮੇਂ ਹੋਈ ਸੀ, ਜੇ ਸਰਕਾਰਾਂ ਚਾਹੁਣ ਤਾਂ ਸੂਈ ਦੀ ਨੋਕ ਜਿੰਨਾ ਨਸ਼ਾ ਪੰਜਾਬ ਵਿੱਚ ਨਹੀਂ ਵਿਕ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰਾਂ ਦੇ ਲੰਬੇ ਸਮੇਂ ਤੱਕ ਸਥਿਤੀਆਂ ਨਹੀਂ ਬਦਲੀਆਂ, ਕੇਵਲ ਧਰਨੇ-ਪ੍ਰਦਰਸ਼ਨ ਤੇ ਬਿਆਨਬਾਜ਼ੀ ਬਦਲੀ ਹੈ। ਅਕਾਲੀਆਂ ਨੂੰ ਪਹਿਲਾਂ ਪੀੜ੍ਹੀ ਥੱਲੇ ਸੋਟਾ ਫੇਰਨਾ ਚਾਹੀਦਾ ਹੈ ਕਿ ਚਿੱਟੇ ਦੇ ਨਸ਼ੇ ਨੇ ਪੰਜਾਬ ਦੇ ਕਿੰਨੇ ਮਾਵਾਂ ਦੇ ਪੁੱਤ ਮਾਰ ਦਿੱਤੇ ਹਨ। ਅਕਾਲੀ ਡਰਾਮਾ ਕਰਕੇ ਇਹ ਨਾ ਸੋਚਣ ਕਿ 2022 'ਚ ਉਨ੍ਹਾਂ ਦੀ ਸਰਕਾਰ ਬਣ ਜਾਵੇਗੀ। ਲੋਕ ਭਲੀ-ਭਾਂਤ ਜਾਣਦੇ ਹਨ ਕਿ 10 ਸਾਲ ਅਕਾਲੀ ਸਰਕਾਰ ਅਤੇ ਚਾਰ ਸਾਲ ਕਾਂਗਰਸ ਦੀ ਸਰਕਾਰ ਨੇ ਕੀ ਕੀਤਾ ਹੈ। ਰੇਤ ਮਾਫੀਆ, ਸ਼ਰਾਬ ਮਾਫੀਆ, ਚਿੱਟੇ ਦੇ ਨਸ਼ੇ ਦੇ ਵਪਾਰੀ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਵਲ ਨੌਟੰਕੀ ਹੀ ਕਰਦੇ ਹਨ।

## ਬਾਸਮਤੀ ਚੌਲਾਂ ਦੇ ਜੀ ਆਈ ਟੈਗ ਲਈ ਅੱਗੇ ਵੀ ਭਿੜ ਚੁੱਕੇ ਹਨ ਪੰਜਾਬ ਤੇ ਮੱਧ ਪ੍ਰਦੇਸ਼



ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਸੰਸਾਰ ਪ੍ਰਸਿੱਧ ਬਾਸਮਤੀ ਵਾਲਾ ਜੀ ਆਈ ਟੈਗ ਪ੍ਰਾਪਤ ਕਰਨ ਲਈ ਪੰਜਾਬ ਤੇ ਹਰਿਆਣਾ ਵੱਲੋਂ ਪਹਿਲਾਂ ਵੀ ਕੌਮਾਂਤਰੀ ਪੱਧਰ 'ਤੇ ਯਤਨ ਹੋਏ ਹਨ, ਪਰ ਭਾਰਤ ਸਰਕਾਰ ਸਮੇਂ-ਸਮੇਂ ਬਾਕੀ ਦੇਸ਼ਾਂ 'ਚ ਆਪਣੀ ਬਾਸਮਤੀ ਨੂੰ ਜੀ ਆਈ ਟੈਗ ਦਿਵਾਉਣ ਲਈ ਕੀਤੇ ਕੇਸ ਜਿੱਤਦੀ ਰਹੀ ਹੈ।

ਇਸ ਵਾਰੀ ਮੱਧ ਪ੍ਰਦੇਸ਼ ਵੱਲੋਂ ਆਪਣੀ ਬਾਸਮਤੀ ਨੂੰ ਜੀ ਆਈ ਟੈਗ ਦਿਵਾਉਣ ਲਈ ਕੇਂਦਰ ਸਰਕਾਰ ਨੂੰ ਚਿੱਠੀ ਲਿਖਣ ਦਾ ਪੰਜਾਬ ਨੇ ਜੰਮ ਕੇ ਵਿਰੋਧ ਕੀਤਾ ਹੈ ਕਿਉਂਕਿ ਇਸ ਨਾਲ ਪੰਜਾਬ, ਹਰਿਆਣਾ ਅਤੇ ਬਾਸਮਤੀ ਦੀ ਬਿਜਾਈ ਕਰਨ ਵਾਲੇ 15 ਲੱਖ ਦੇ ਕਰੀਬ ਕਿਸਾਨਾਂ ਦੇ ਹਿੱਤ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਬਾਸਮਤੀ 1121 ਸਮੇਤ ਹੋਰ ਵਧੀਆ ਕਿਸਮ ਦੀ ਬਾਸਮਤੀ, ਜਿਹੜੀ ਹਿਮਾਲੀਆ ਪਹਾੜਾਂ ਦੇ ਹੇਠਾਂ ਚੰਗੀ ਕਿਸਮ ਦੀ ਮੰਨੀ ਜਾਂਦੀ ਹੈ, ਜੀ ਆਈ ਟੈਗ ਵਾਲੀ ਹੈ। ਦੇਹਰਾਦੂਨ, ਅੰਮ੍ਰਿਤਸਰ, ਕਾਦੀਆਂ, ਤਰਾਵੜੀ ਅਤੇ ਹੋਰ ਖ਼ਾਸ ਇਲਾਕਿਆਂ ਦੀ ਬਾਸਮਤੀ ਸੰਸਾਰ 'ਚ ਪ੍ਰਸਿੱਧ ਹੈ। ਪੰਜਾਬ, ਹਰਿਆਣਾ ਸਮੇਤ ਕਰੀਬ ਸੱਤ ਰਾਜਾਂ ਦੇ ਵਿਸ਼ੇਸ਼ ਇਲਾਕਿਆਂ 'ਚ ਖ਼ਾਸ ਬਾਸਮਤੀ ਬੀਜੀ ਜਾਂਦੀ ਹੈ, ਜਿਸ ਦਾ ਜੀ ਆਈ ਟੈਗ ਹੈ ਅਤੇ ਹੋਰ ਖੇਤਰਾਂ 'ਚ ਇਸ ਬਾਸਮਤੀ ਦੀ ਬਿਜਾਈ ਜੀ ਆਈ ਜੀ ਆਈ ਟੈਗ ਕਰਕੇ ਨਹੀਂ ਵੇਚੀ ਜਾ ਸਕਦੀ।

ਆਲ ਇੰਡੀਆ ਰਾਈਸ ਐਕਸਪੋਰਟਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਵਿਜੇ ਸੇਤੀਆ ਦੇ ਕਹਿਣ ਮੁਤਾਬਕ ਪਾਕਿ-ਸਤਾਨ ਇਨ੍ਹਾਂ ਇਲਾਕਿਆਂ ਦੀ ਬਾਸਮਤੀ ਦੇ ਬੀਜ ਚੋਰੀ ਕਰਕੇ ਲੈ ਗਿਆ ਸੀ। ਮੱਧ ਪ੍ਰਦੇਸ਼ ਵਿੱਚ ਕੁਝ ਥਾਈਂ ਪੂਸਾ ਅਤੇ 1121 ਦੀ ਬਿਜਾਈ ਕੀਤੀ ਜਾਂਦੀ ਹੈ ਤੇ ਇਹ ਬਾਸਮਤੀ ਪੰਜਾਬ ਤੇ ਹਰਿਆਣਾ ਤੋਂ ਸੱਤ ਤੋਂ ਅੱਠ ਰੁਪਏ ਪ੍ਰਤੀ ਕਿੱਲੋ ਸਸਤੀ ਦੱਸੀ ਜਾਂਦੀ ਹੈ, ਪਰ ਇਹ ਪੰਜਾਬ ਤੇ ਹਰਿਆਣਾ ਦੇ ਮੁਕਾਬਲੇ ਨਹੀਂ ਖੜ੍ਹੋਂਦੀ। ਉਤਰ ਪ੍ਰਦੇਸ਼ ਦੇ ਪੱਛਮੀ ਇਲਾਕੇ ਵਿੱਚ ਜੀ ਆਈ ਟੈਗ ਵਾਲੀ ਬਾਸਮਤੀ ਬੀਜੀ ਜਾਂਦੀ ਹੈ। ਇਨ੍ਹਾਂ ਖੇਤਰਾਂ 'ਚ ਸੰਸਾਰ ਪ੍ਰਸਿੱਧ ਬਾਸਮਤੀ ਹੋਣ ਕਰਕੇ 500 ਐਕਸਪੋਰਟਰਾਂ ਤੋਂ ਇਲਾਵਾ 10 ਲੱਖ ਕਿਸਾਨ ਬਾਸਮਤੀ ਦੀ ਬਿਜਾਈ ਨਾਲ ਜੁੜੇ ਹੋਏ ਹਨ, ਪਰ ਆਪਣੀ ਸੀਮਤ ਮਾਤਰਾ 'ਚ ਬਾਸਮਤੀ ਦੀ ਖੇਤੀ ਕਰਨ ਵਾਲਾ ਮੱਧ ਪ੍ਰਦੇਸ਼ ਉਸ ਨੂੰ ਜੀ ਆਈ ਟੈਗ ਦਿਵਾ ਸਕਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੱਧ ਪ੍ਰਦੇਸ਼ ਵੱਲੋਂ ਬਾਸਮਤੀ ਦਾ ਜੀ ਆਈ ਟੈਗ ਲੈਣ ਦੇ ਯਤਨ ਦਾ ਜੰਮ ਕੇ ਵਿਰੋਧ ਕੀਤਾ ਹੈ।

## ਕੀ ਸਿੱਖ ਗੁਰੂ ਸਾਹਿਬਾਨ ਲਵ ਤੇ ਕੁਸ਼ ਦੇ ਵੰਸ਼ ਵਿੱਚੋਂ ਸਨ?

* ਬਚਿੱਤਰ ਨਾਟਕ ਵਿੱਚ ਵੀ ਇਹੋ ਲਿਖਿਆ ਪਿਐ




ਅੰਮ੍ਰਿਤਸਰ, 11 ਅਗਸਤ (ਪੋਸਟ ਬਿਊਰੋ)- ਕੀ ਸਿੱਖ ਗੁਰੂ ਸਾਹਿਬਾਨ ਸ੍ਰੀ ਰਾਮ ਚੰਦਰ ਦੇ ਪੁੱਤਰਾਂ ਲਵ ਤੇ ਕੁਸ਼ ਦੇ ਵੰਸ਼ ਵਿੱਚੋਂ ਹਨ? ਇਹ ਸਵਾਲ ਕੁਝ ਦਿਨਾਂ ਤੋਂ ਚਰਚਾ ਵਿੱਚ ਹੈ। ਸਿੱਖ ਇਤਿਹਾਸ ਦੇ ਮੂਲ ਸਰੋਤ ਕਹੇ ਜਾਂਦੇ ਦਸਮ ਗ੍ਰੰਥ ਦੇ ਬਚਿੱਤਰ ਨਾਟਕ ਵਿੱਚ ਵੀ ਦਰਜ ਹੈ ਕਿ ਗੁਰੂ ਨਾਨਕ ਜੀ ਕੁਸ਼ ਤੇ ਗੁਰੂ ਰਾਮਦਾਸ ਜੀ ਲਵ ਦੀ ਅੰਸ਼ ਵਿੱਚੋਂ ਸਨ।

ਇਹ ਦਾਅਵਾ ਕਿਸੇ ਹੋਰ ਸੰਸਥਾ ਨਹੀਂ ਕੀਤਾ, ਸਗੋਂ ਸਿੱਖ ਪਾਰਲੀਮੈਂਟ ਕਹੀ ਜਾਂਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਬਚਿੱਤਰ ਨਾਟਕ ਵਿੱਚ ਸਾਬਤ ਹੁੰਦੀ ਹੈ। ਗੋਬਿੰਦ ਗੀਤਾ ਤੇ ਗੋਬਿੰਦ ਰਮਾਇਣ ਬਾਰੇ ਚੱਲ ਰਹੇ ਵਿਵਾਦ ਦੌਰਾਨ ਇੱਕ ਨਵਾਂ ਪੱਖ ਉਭਰ ਕੇ ਸਾਹਮਣੇ ਆਇਆ ਹੈ। ਸ਼੍ਰੋਮਣੀ ਕਮੇਟੀ ਪਿਛਲੇ ਲੰਮੇ ਸਮੇਂ ਤੋਂ ਇੱਕ ਕਿਤਾਬ ਬਚਿੱਤਰ ਨਾਟਕ ਦੇ ਨਾਮ ਹੇਠ ਪ੍ਰਕਾਸ਼ਤ ਕਰ ਕੇ ਸੰਗਤਾਂ ਨੂੰ ਦੇ ਰਹੀ ਹੈ। ਬਚਿੱਤਰ ਨਾਟਕ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਤੇ ਉਨ੍ਹਾਂ ਇਸ ਨਾਮ ਹੇਠ ਆਪਣੀ ਸਵੈ ਜੀਵਨੀ ਲਿਖੀ ਹੈ। ਇਸ ਵਿੱਚ ਲਿਖਾਰੀ ਨੇ ਗੁਰੂ ਸਾਹਿਬ ਦੇ ਨਾਮ ਹੇਠ ਗੁਰੂ ਸਾਹਿਬਾਨ ਨੂੰ ਰਾਮ ਅੰਸ਼ ਦੱਸਣ ਵਿੱਚ ਕਸਰ ਨਹੀਂ ਛੱਡੀ ਤੇ ਇਸ ਕਥਾ ਮੁਤਾਬਕ ਰਾਮ ਜੀ ਦੇ ਪੁੱਤਰ ਲਵ ਤੇ ਕੁਸ਼ ਤੋਂ ਸ਼ੁਰੂ ਹੋ ਕੇ ਦੋ ਅੰਸ਼ਾਂ ਬੇਦੀ ਤੇ ਸੋਢੀ ਅੰਸ਼ ਕਹਾਉਂਦੀਆਂ ਹਨ। ਬੇਦੀ ਅੰਸ਼ ਤੋਂ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਹੋਇਆ। ਬਚਿੱਤਰ ਨਾਟਕ ਵਿੱਚ ਪੂਰੇ ਵਿਸਥਾਰ ਨਾਲ ਬੇਦੀ ਤੇ ਸੋਢੀ ਵਰੇਡਿਆਂ ਦਾ ਵੇਰਵਾ ਦਰਜ ਹੈ। ਇਸ ਨੂੰ ਪੜ੍ਹਨ ਤੋਂ ਬਾਅਦ ਜੇ ਇਹ ਕਿਹਾ ਜਾਵੇ ਕਿ ਗਿਆਨੀ ਇਕਬਾਲ ਸਿੰਘ ਝੂਠ ਬੋਲਦਾ ਹੈ ਤਾਂ ਗ਼ਲਤ ਹੈ। ਸਾਲ 1999 ਵਿੱਚ ਜਦ ਅਕਾਲੀ ਦਲ 'ਤੇ ਸੰਕਟ ਦੇ ਬੱਦਲ ਸਨ, ਉਸ ਵੇਲੇ ਅਕਾਲੀ ਦਲ ਦੇ ਸੰਕਟ ਮੋਚਨ ਬਣ ਕੇ ਸਾਹਮਣੇ ਆਏ ਗਿਆਨੀ ਪੂਰਨ ਸਿੰਘ ਵੀ ਧੜੱਲੇ ਨਾਲ ਦਾਅਵਾ ਕਰਦੇ ਸਨ ਕਿ ਸਿੱਖ ਲਵ ਕੁਸ਼ ਦੀ ਸੰਤਾਨ ਹਨ। ਉਨ੍ਹਾਂ ਦੇ ਬਿਆਨ ਦਾ ਕਿਸੇ ਨੇ ਖੰਡਨ ਕਰਨ ਦੀ ਜੁਅਰੱਤ ਨਹੀਂ ਕੀਤੀ। ਡੇਰਿਆਂ ਵਿੱਚ ਵੀ ਇਹੋ ਪੜ੍ਹਾਇਆ ਜਾਂਦਾ ਹੈ।

## ਪੰਜਾਬ ਵਿੱਚ ਵਾਇਰੋਲੋਜੀ ਇੰਸਟੀਚਿਊਟ ਬਣਾਉਣ ਲਈ ਕੇਂਦਰ ਦੀ ਪ੍ਰਵਾਨਗੀ ਮਿਲੀ

ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਪੰਜਾਬ ਵਿੱਚ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ ਸੈਂਟਰ ਬਣਾਉਣ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ 19 ਮਹਾਮਾਰੀ ਦੇ ਕਾਰਨ ਕੁਝ ਹਫਤੇ ਪਹਿਲਾਂ ਕੇਂਦਰ ਸਰਕਾਰ ਕੋਲ ਅਜਿਹੀ ਸੰਸਥਾ ਦੀ ਤਜਵੀਜ਼ ਰੱਖੀ ਸੀ। ਮੁੱਖ ਮੰਤਰੀ ਨੇ ਇਸ ਸੰਸਥਾ ਨੂੰ ਮਨਜ਼ੂਰੀ ਮਿਲਣ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸੰਸਥਾ ਵਾਇਰੋਲੋਜੀ ਦੇ ਖੇਤਰ ਵਿੱਚ ਖੋਜ ਦੇ ਕੰਮ ਨੂੰ ਹੋਰ ਤੇਜ਼ੀ ਨਾਲ ਅੱਗੇ ਲਿਜਾਣ ਵਿੱਚ ਸਹਾਈ ਹੋਵੇਗੀ ਅਤੇ ਭਾਰਤ ਨੂੰ ਵਾਇਰਸ ਦਾ ਛੇਤੀ ਤੋਂ ਛੇਤੀ ਪਤਾ ਲਾਉਣ ਦੇ ਸਮਰੱਥ ਬਣਾਏਗੀ।

ਭਾਰਤ ਸਰਕਾਰ ਦੇ ਸਿਹਤ ਖੋਜ ਮੰਤਰਾਲੇ ਦੇ ਸੈਕਟਰੀ ਕਮ ਭਾਰਤੀ ਮੈਡੀਕਲ ਖੋਜ ਕੌਂਸਲ ਦੇ ਡਾਇਰੈਕਟਰ ਜਨਰਲ ਪ੍ਰੋਫੈਸਰ (ਡਾਕਟਰ) ਬਲਰਾਮ ਭਾਰਗਵ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਸਿਧਾਂਤਕ ਮਨਜ਼ੂਰੀ ਦਾ ਪੱਤਰ ਭੇਜਿਆ ਅਤੇ ਰਾਜ ਸਰਕਾਰ ਨੂੰ ਲਗਭਗ 25 ਏਕੜ ਜ਼ਮੀਨ ਦੀ ਪਛਾਣ ਕਰਨ ਲਈ ਕਿਹਾ ਹੈ ਤਾਂ ਕਿ ਮੈਡੀਕਲ ਖੋਜ ਕੌਂਸਲ ਛੇਤੀ ਤੋਂ ਛੇਤੀ ਇਸ ਅਹਿਮ ਪ੍ਰੋਜੈਕਟ ਦੀ ਸਥਾਪਨਾ ਕਰ ਸਕੇ। ਬੀ ਐੱਸ ਐੱਲ 3 ਫੈਸਿਲਟੀ ਨਾਲ ਇਹ ਕੇਂਦਰ ਬਣਾਉਣ ਲਈ ਲਗਭਗ 400 ਕਰੋੜ ਰੁਪਏ ਅਤੇ ਬੀ ਐੱਸ ਐੱਲ 4 ਫੈਸਿਲਟੀ ਲਈ ਹੋਰ 150 ਕਰੋੜ ਰੁਪਏ ਦੀ ਲੋੜ ਹੋਵੇਗੀ।

## ਕੋਰੋਨਾ ਵਾਇਰਸ ਦੇ ਕਾਰਨ ਆਜ਼ਾਦੀ ਦਿਵਸ ਸਮਾਗਮ ਵੀ ਸੁੰਗੜੇ



ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਦਾ ਅਸਰ ਇਸ ਵਾਰ 15 ਅਗਸਤ ਆਜ਼ਾਦੀ ਦਿਵਸ ਦੇ ਸਮਾਗਮਾਂ 'ਤੇ ਵੀ ਪੈ ਰਿਹਾ ਹੈ ਅਤੇ ਇਨ੍ਹਾਂ ਸਮਾਗਮਾਂ 'ਚ ਕੇਵਲ ਝੰਡਾ ਲਹਿਰਾਉਣ, ਪਰੇਡ ਅਤੇ ਮੁੱਖ ਮਹਿਮਾਨ ਦੇ ਭਾਸ਼ਣ ਤੋਂ ਇਲਾਵਾ ਦੂਜੇ ਸਾਰੇ ਪ੍ਰੋਗਰਾਮ ਰੱਦ ਰੱਖੇ ਜਾਣਗੇ ਅਤੇ ਨਾ ਸਮਾਗਮਾਂ ਲਈ ਕਿਸੇ ਨੂੰ ਸੱਦਾ ਪੱਤਰ ਭੇਜਿਆ ਜਾਵੇਗਾ ਤੇ ਆਮ ਲੋਕ ਇਹ ਸਮਾਗਮ ਕੇਵਲ ਵੈਬ ਅਤੇ ਟੀ ਵੀ ਰਾਹੀਂ ਵੇਖ ਸਕਣਗੇ।

ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਉੱਤੇ ਸਮਾਗਮਾਂ ਲਈ ਜਿਹੜੇ ਹੁਕਮ ਭੇਜੇ ਹਨ, ਉਨ੍ਹਾਂ ਵਿੱਚ ਸਾਫ ਕਿਹਾ ਗਿਆ ਹੈ ਕਿ ਇਨ੍ਹਾਂ ਸਮਾਗਮਾਂ 'ਚ ਸਕੂਲੀ ਬੱਚੇ, ਸੱਭਿਆਚਾਰਕ ਪ੍ਰੋਗਰਾਮ, ਝਲਕੀਆਂ ਅਤੇ ਆਮ ਲੋਕਾਂ ਨੂੰ ਸੱਦੇ ਪੱਤਰ ਨਾ ਦਿੱਤੇ ਜਾਣ, ਕਿਉਂਕਿ ਲੋਕਾਂ ਦੇ ਇਕੱਠ ਹੋਣ 'ਤੇ ਸਰਕਾਰ ਵੱਲੋਂ ਪਾਬੰਦੀ ਹੈ। ਰਾਜ ਸਰਕਾਰ ਦੇ ਹੁਕਮ ਅਨੁਸਾਰ ਇਨ੍ਹਾਂ ਸਮਾਗਮਾਂ ਲਈ ਪਰੇਡ ਦੀ ਮੁੱਖ ਮਹਿਮਾਨ ਵੱਲੋਂ ਇੰਸਪੈਕਸ਼ਨ, ਝੰਡਾ ਲਹਿਰਾਉਣ ਅਤੇ ਪਰੇਡ ਤੋਂ ਸਲਾਮੀ ਲੈਣ ਦੀ ਰਵਾਇਤ ਪੂਰੀ ਹੋਵੇਗੀ, ਪਰ ਇਸ 'ਚ ਕੇਵਲ ਪੁਲਸ ਤੇ ਹੋਮ ਗਾਰਡ ਆਦਿ ਦੇ ਜਵਾਨ ਸ਼ਾਮਲ ਹੋਣਗੇ, ਕਾਲਜਾਂ ਸਕੂਲਾਂ ਤੋਂ ਬੱਚੇ ਪਰੇਡ ਵਿੱਚ ਨਹੀਂ ਸੱਦਣੇ। ਇਸ ਕਾਰਨ ਪਰੇਡ ਦਾ ਆਕਾਰ ਵੀ ਕਾਫ਼ੀ ਛੋਟਾ ਰਹੇਗਾ ਤੇ ਮੁੱਖ ਮਹਿਮਾਨ ਵੱਲੋਂ ਭਾਸ਼ਣ ਤੋਂ ਬਾਅਦ ਕੋਈ ਸਨਮਾਨ ਆਦਿ ਦਾ ਪ੍ਰੋਗਰਾਮ ਵੀ ਨਹੀਂ ਰੱਖਿਆ ਜਾਵੇਗਾ। ਰਾਜ ਸਰਕਾਰ ਦਾ ਮੰਨਣਾ ਹੈ ਕਿ ਆਜ਼ਾਦੀ ਸੰਗਰਾਮੀਆਂ ਜਾਂ ਕੋਰੋਨਾ ਵਾਰੀਅਰ ਦੇ ਸਨਮਾਨ ਵੀ ਇਸ ਮੌਕੇ ਨਾ ਰੱਖੇ ਜਾਣ ਅਤੇ ਇਹ ਕੰਮ ਡਿਪਟੀ ਕਮਿਸ਼ਨਰਾਂ ਲਈ ਛੱਡੇ ਜਾਣ।

ਮੁੱਖ ਮੰਤਰੀ ਵੱਲੋਂ ਮੁਹਾਲੀ ਦੇ ਸਮਾਗਮ ਵਿੱਚ ਸ਼ਾਮਲ ਹੋਣ ਮੌਕੇ ਮਿਸ਼ਨ ਫ਼ਤਿਹ ਹੇਠ ਚੰਗਾ ਕੰਮ ਕਰਨ ਵਾਲਿਆਂ ਨੂੰ ਸਨਮਾਨ ਪੱਤਰ ਤੇ ਸਰਟੀਫਿਕੇਟ ਆਦਿ ਦੇਣ ਦਾ ਕੰਮ ਵੀ ਮੁੱਖ ਸਮਾਗਮ ਵਿੱਚ ਨਹੀਂ, ਬਲਕਿ ਬਾਅਦ ਵਿੱਚ ਡਿਪਟੀ ਕਮਿਸ਼ਨਰ ਪੱਧਰ 'ਤੇ ਹੋ ਸਕੇਗਾ। ਸਰਕਾਰੀ ਹਲਕਿਆਂ ਮੁਤਾਬਕ ਇਸ ਵਾਰ ਇਹ ਸਮਾਗਮ ਕਾਫ਼ੀ ਛੋਟੇ ਹੋਣਗੇ ਤੇ ਇੱਕ ਘੰਟੇ ਤੋਂ ਵਧਣ ਦੀ ਸੰਭਾਵਨਾ ਘੱਟ ਹੈ। ਚੰਡੀਗੜ੍ਹ ਵਿਖੇ ਗਵਰਨਰ ਵੱਲੋਂ ਆਜ਼ਾਦੀ ਦਿਵਸ ਮੌਕੇ ਰਾਜ ਭਵਨ ਵਿੱਚ ਐਟ ਹੋਮ ਦੇ ਸਮਾਗਮ, ਜਿਸ ਵਿੱਚ ਸਾਬਕਾ ਫ਼ੌਜੀ, ਅਧਿਕਾਰੀ ਅਤੇ ਵੱਖ-ਵੱਖ ਵਰਗਾਂ ਤੋਂ ਪ੍ਰਮੁੱਖ ਲੋਕਾਂ ਨੂੰ ਸੱਦਿਆ ਜਾਂਦਾ ਹੈ ਨੂੰ ਵੀ ਕੋਰੋਨਾ ਕਾਰਨ ਪ੍ਰਸ਼ਾਸਨ ਨਹੀਂ ਕਰਨਾ ਚਾਹੁੰਦਾ।

## ਤਿੰਨ ਜ਼ਿਲਿਆਂ ਵਿੱਚ ਨਾਜਾਇਜ਼ ਮਾਈਨਿੰਗ ਉੱਤੇ ਪੰਜਾਬ ਸਰਕਾਰ ਤੋਂ ਜਵਾਬ ਤਲਬ

ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ ਵਿੱਚ ਵੱਡੇ ਪੱਧਰ 'ਤੇ ਹੋ ਰਹੀ ਨਾਜਾਇਜ਼ ਮਾਈਨਿੰਗ ਦੇ ਖਿਲਾਫ ਦਾਇਰ ਹੋਈ ਇੱਕ ਜਨਹਿਤ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 24 ਅਗਸਤ ਦੇ ਲਈ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ।

ਚੀਫ ਜਸਟਿਸ ਰਵੀ ਸ਼ੰਕਰ ਝਾਅ ਅਤੇ ਜਸਟਿਸ ਪੱਲੀ ਦੀ ਬੈਂਚ ਨੇ ਇਹ ਨੋਟਿਸ ਇਸ ਬਾਰੇ ਪਠਾਨਕੋਟ ਦੇ ਕਰਣ ਸਿੰਘ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਜਾਰੀ ਕੀਤਾ ਹੈ। ਪਟੀਸ਼ਨਕਰ ਨੇ ਦੱਸਿਆ ਕਿ ਪੰਜਾਬ ਦੇ ਇਨ੍ਹਾਂ ਤਿੰਨ ਜ਼ਿਲਿਆਂ ਵਿੱਚ ਵੱਡੇ ਪੱਧਰ 'ਤੇ ਨਾਜਾਇਜ਼ ਮਾਈਨਿੰਗ ਚੱਲਦੀ ਹੈ, ਇਥੋਂ ਤੱਕ ਕਿ ਕੋਰੋਨਾ ਦੇ ਕਾਰਨ ਲੱਗੇ ਕਰਫਿਊ ਅਤੇ ਲਾਕਡਾਊਨ ਦੌਰਾਨ ਵੀ ਇਥੇ ਮਾਈਨਿੰਗ ਦਾ ਕੰਮ ਚਲਦਾ ਰਿਹਾ ਹੈ ਅਤੇ ਜਿਨ੍ਹਾਂ ਸਾਈਟਸ 'ਤੇ ਮਾਈਨਿੰਗ ਕੀਤੀ ਜਾ ਰਹੀ ਹੈ, ਉਨ੍ਹਾਂ ਦਾ ਅਜੇ ਤੱਕ ਆਕਸ਼ਨ ਹੀ ਨਹੀਂ ਹੋਇਆ ਅਤੇ ਇਹ ਸਾਈਟਸ ਮਾਈਨਿੰਗ ਲਈ ਅਲਾਟ ਹੀ ਨਹੀਂ ਕੀਤੀਆਂ ਗਈਆਂ। ਇਸ ਦੇ ਬਾਵਜੂਦ ਇਥੇ ਵੱਡੇ ਪੱਧਰ 'ਤੇ ਨਾਜਾਇਜ਼ ਮਾਈਨਿੰਗ ਦਾ ਕੰਮ ਲਗਾਤਾਰ ਜਾਰੀ ਹੈ। ਪਟੀਸ਼ਨ ਵਿੱਚ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਗੁਰਦਾਸਪੁਰ ਤੇ ਹੁਸ਼ਿਆਰਪੁਰ ਦੇ ਉਹ ਬਲਾਕ ਏਰੀਆ, ਜਿੱਥੇ ਇਹ ਮਾਈਨਿੰਗ ਕੀਤੀ ਜਾ ਰਹੀ ਹੈ, ਦੇ ਕੋਲ ਸਟੋਨ ਕਰੱਸ਼ਰ ਵੀ ਚੱਲ ਰਹੇ ਹਨ। ਪਟੀਸ਼ਨਰ ਨੇ ਇਸ ਬਾਰੇ ਤਿੰਨਾਂ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸ਼ਿਕਾਇਤ ਵੀ ਕੀਤੀ ਸੀ, ਜਿਸ 'ਤੇ ਕੋਈ ਕਾਰਵਾਈ ਨਹੀਂ ਹੋਈ ਤਾਂ ਉਸ ਨੇ ਇਸ ਮਾਮਲੇ ਨੂੰ ਲੈ ਕੇ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਇਰ ਕਰ ਕੇ ਇਸ 'ਤੇ ਕਾਰਵਾਈ ਦੀ ਮੰਗ ਕੀਤੀ ਹੈ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k $10,000 Submitted with offer
Deposit $10,000 Submitted 90 days after Offer Date
Structure $20,000 Submitted 150 days after Offer Date

Residential | Commercial | Investment



Jagdish Grewal
Sales Representative
(416) 970-5005
Office: 905-488-2100 Ext. 348

Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8



FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।



FOR SALE
$539,900
HWY 427/REXDALE
ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ ।



FOR SALE
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਬਗ਼ਾਵਤ ਛੱਡ ਕੇ ਸਚਿਨ ਪਾਇਲਟ ਫਿਰ ਕਾਂਗਰਸ ਵਿੱਚ ਪਰਤੇ



ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਪਿਛਲੇ ਇੱਕ ਮਹੀਨੇ ਤੋਂ ਬਗਾਵਤ ਦੇ ਰਾਹ ਪਏ ਹੋਏ ਸਚਿਨ ਪਾਇਲਟ ਨੇ ਜ਼ਿਦ ਛੱਡ ਦਿੱਤੀ ਅਤੇ ਕਾਂਗਰਸ ਦੇ ਰਸਤੇ 'ਤੇ ਚੱਲਣ ਲਈ ਤਿਆਰ ਹੋ ਗਏ ਹਨ।

ਰਾਜਸਥਾਨ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਅਚਾਨਕ ਤੇਜ਼ ਹੋਏ ਸਿਆਸੀ ਘਟਨਾਕ੍ਰਮ ਹੇਠ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕੱਲ੍ਹ ਪਾਇਲਟ ਨੂੰ ਸੱਦ ਕੇ ਸਿੱਧੀ ਗੱਲ ਕੀਤੀ ਤਾਂ ਪਾਇਲਟ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਖਿਲਾਫ ਸ਼ਿਕਾਇਤਾਂ ਦਾ ਪਿਟਾਰਾ ਖੋਲ੍ਹਿਆ। ਹਾਈ ਕਮਾਨ ਨੇ ਹੱਲ ਕਰਨ ਦਾ ਭਰੋਸਾ ਦਿੱਤਾ। ਪਾਇਲਟ ਨੇ ਵੀ ਕਾਂਗਰਸ ਨਾਲ ਆਪਣੀ ਸਿਆਸੀ ਸਾਂਝ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ। ਹਾਈ ਕਮਾਨ ਨੇ ਪਾਇਲਟ ਤੇ ਉਨ੍ਹਾਂ ਦੇ ਹਮਾਇਤੀ ਵਿਧਾਇਕਾਂ ਦੀਆਂ ਸ਼ਿਕਾਇਤਾਂ ਉਤੇ ਵਿਚਾਰ ਕਰ ਕੇ ਹੱਲ ਕੱਢਣ ਲਈ ਤਿੰਨ ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਸਾਫ ਹੈ ਕਿ ਇਸ ਬਹਾਨੇ ਜਿੱਥੇ ਕਾਂਗਰਸ ਨੇ ਰਾਜਸਥਾਨ ਵਿਧਾਨ ਸਭਾ 'ਚ ਨੰਬਰ ਗੇਮ ਨੂੰ ਜੋੜਨ ਦੀ ਕੋਸ਼ਿਸ਼ ਕੀਤੀ, ਉਥੇ ਆਪਣੇ ਕੈਂਪ ਦੇ ਸਾਥੀਆਂ ਦੀ ਹਮਾਇਤ ਗੁਆ ਰਹੇ ਸਚਿਨ ਨੇ ਵੀ ਪਾਰਟੀ ਦੀ ਛੱਤਰੀ 'ਚ ਰਹਿਣਾ ਹੀ ਜ਼ਿਆਦਾ ਸੁਰੱਖਿਅਤ ਸਮਝਿਆ ਹੈ।

ਰਾਹੁਲ ਗਾਂਧੀ ਦੇ ਘਰ ਕਰੀਬ ਦੋ ਘੰਟੇ ਤੋਂ ਵੱਧ ਚੱਲੀ ਬੈਠਕ 'ਚ ਪਾਇਲਟ ਨੇ ਆਪਣੇ ਸਾਥੀ ਹਮਾਇਤੀ ਬਾਗੀ ਵਿਧਾਇਕਾਂ ਦੀ ਵਾਪਸੀ ਦੇ ਫਾਰਮੂਲੇ 'ਤੇ ਹਾਈ ਕਮਾਨ ਨਾਲ ਸਿੱਧੀ ਗੱਲ ਕੀਤੀ। ਸੁਲਹਾ ਬੈਠਕ ਦੀ ਆਗੂ ਰਹੀ ਪ੍ਰਿਅੰਕਾ ਗਾਂਧੀ ਵੀ ਇਸ ਦੌਰਾਨ ਪੂਰਾ ਸਮਾਂ ਮੌਜੂਦ ਰਹੀ ਅਤੇ ਬਾਗੀਆਂ ਦੀ ਵਾਪਸੀ 'ਚ ਆ ਰਹੀਆਂ ਰੁਕਾਵਟਾਂ ਦੂਰ ਕਰਨ ਵਿੱਚ ਵੀ ਸਰਗਰਮੀ ਵਿਖਾਈ। ਪਾਰਟੀ ਸੂਤਰਾਂ ਮੁਤਾਬਕ ਹਾਈ ਕਮਾਨ ਨੇ ਬਗਾਵਤ ਛੱਡਣ ਲਈ ਰਾਜ਼ੀ ਹੋਏ ਸਚਿਨ ਪਾਇਲਟ ਨੂੰ ਕਾਂਗਰਸ 'ਚ ਉਨ੍ਹਾਂ ਦੇ ਰੁਤਬੇ ਦੇ ਹਿਸਾਬ ਨਾਲ ਅਹੁਦਾ ਦੇਣ ਦਾ ਵਾਅਦਾ ਕੀਤਾ ਹੈ ਅਤੇ ਵਾਪਸ ਆਏ ਉਨ੍ਹਾਂ ਦੇ ਸਾਥੀ ਬਾਗੀ ਵਿਧਾਇਕਾਂ ਨੂੰ ਵੀ ਰਾਜਸਥਾਨ ਸਰਕਾਰ ਤੇ ਸੰਗਠਨ ਵਿੱਚ ਉਚਿਤ ਥਾਂ ਮਿਲੇਗੀ। ਬਗਾਵਤ ਕਾਰਨ ਮੰਤਰੀ ਅਹੁਦੇ ਤੋਂ ਕੱਢੇ ਗਏ ਵਿਧਾਇਕਾਂ ਨੂੰ ਫਿਰ ਮੰਤਰੀ ਬਣਾਏ ਜਾਣ ਦੀ ਸੰਭਾਵਨਾ ਹੈ, ਪਰ ਪਾਇਲਟ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਇੱਕ ਦਮ ਕੋਈ ਅਹੁਦਾ ਨਹੀਂ ਮਿਲੇਗਾ, ਸਗੋਂ ਸ਼ਿਕਾਇਤਾਂ 'ਤੇ ਗੌਰ ਕਰਨ ਲਈ ਬਣੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਫਾਰਮੂਲਾ ਨਿਕਲੇਗਾ। ਪਾਇਲਟ ਦੀ ਡਿਪਟੀ ਮੁਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਦੇ ਦੋਹਰੇ ਅਹੁਦੇ 'ਤੇ ਵਾਪਸੀ ਦੀ ਗੁੰਜਾਇਸ਼ ਘੱਟ ਹੈ, ਪਰ ਅਗਲੀਆਂ ਚੋਣਾਂ ਵਿੱਚ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਐਲਾਨਣ ਲਈ ਕਾਂਗਰਸ ਵਿੱਚ ਜਨਰਲ ਸਕੱਤਰ ਬਣਾਉਣ ਵਰਗੇ ਬਦਲ ਉਸ ਦੇ ਲਈ ਜ਼ਰੂਰ ਖੁੱਲ੍ਹੇ ਹੋਏ ਹਨ।

ਕਾਂਗਰਸ ਦੇ ਸੰਗਠਨ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਬਿਆਨ ਜਾਰੀ ਕਰ ਕੇ ਪਾਇਲਟ ਦੇ ਕਾਂਗਰਸ ਦੇ ਰਸਤੇ 'ਤੇ ਪਰਤਣ ਦਾ ਸਾਫ ਸੰਦੇਸ਼ ਦਿੱਤਾ। ਉਨ੍ਹਾਂ ਮੁਤਾਬਕ ਪਾਇਲਟ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਵਿੱਚ ਸਾਰੀਆਂ ਸ਼ਿਕਾਇਤਾਂ 'ਤੇ ਖੁੱਲ੍ਹੀ ਗੱਲ ਕੀਤੀ। ਪਾਇਲਟ ਨੇ ਇਸ ਦੌਰਾਨ ਕਾਂਗਰਸ ਪਾਰਟੀ ਤੇ ਰਾਜਸਥਾਨ ਦੀ ਕਾਂਗਰਸ ਸਰਕਾਰ ਦੇ ਹਿੱਤ 'ਚ ਕੰਮ ਕਰਨ ਦੀ ਵਚਨਬੱਧਤਾ ਦੱਸੀ। ਵੇਣੂਗੋਪਾਲ ਨੇ ਕਿਹਾ ਕਿ ਰਾਹੁਲ-ਸਚਿਨ ਦੀ ਬੈਠਕ ਤੋਂ ਬਾਅਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਫੈਸਲਾ ਕੀਤਾ ਹੈ ਕਿ ਪਾਇਲਟ ਤੇ ਨਾਰਾਜ਼ ਵਿਧਾਇਕਾਂ ਦੀਆਂ ਸ਼ਿਕਾਇਤਾਂ 'ਤੇ ਗੌਰ ਕਰ ਕੇ ਉਨ੍ਹਾਂ ਦਾ ਉਚਿਤ ਹੱਲ ਕੱਢਣ ਲਈ ਏ ਆਈ ਸੀ ਸੀ ਦੀ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਜਾਵੇਗੀ।

# ਮਨਮੋਹਨ ਸਿੰਘ ਬੋਲੇ: ਮੰਦੀ ਆਉਣੀ ਤੈਅ ਹੈ, ਸਰਕਾਰ ਕਰਜ਼ ਲੈਂਦੀ ਸ਼ਰਮਾਵੇ ਨਾ


ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਮੋਨਮੋਹਨ ਸਿੰਘ ਨੇ ਕਿਹਾ ਹੈ ਕਿ ਦੇਸ਼ 'ਚ ਮੰਦੀ ਆਉਣੀ ਤੈਅ ਹੈ ਅਤੇ ਉਨ੍ਹਾਂ ਨੇ ਇਸ ਤੋਂ ਨਜਿੱਠਣ ਲਈ ਮੋਦੀ ਸਰਕਾਰ ਨੂੰ ਤਿੰਨ ਸੁਝਾਅ ਦਿੱਤੇ ਹਨ, ਜਿਨ੍ਹਾਂ 'ਤੇ ਤੁਰੰਤ ਕਦਮ ਚੁੱਕਣ ਲਈ ਕਿਹਾ ਹੈ ਤਾਂ ਕਿ ਕੋਰੋਨਾ ਮਹਾਂਮਾਰੀ ਨਾਲ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾ ਸਕੇ ਅਤੇ ਆਉਣ ਵਾਲੇ ਸਾਲਾਂ 'ਚ ਆਰਥਿਕ ਸਥਿਤੀ ਨੂੰ ਫਿਰ ਪਹਿਲਾਂ ਵਾਂਗ ਬਣਾਇਆ ਜਾ ਸਕੇ।

ਇੱਕ ਇੰਟਰਵਿਊ ਵਿੱਚ ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਸਭ ਤੋਂ ਵੱਧ ਮੁਸ਼ਕਲ ਦੇਣ ਵਾਲਾ ਮੋਦੀ ਸਰਕਾਰ ਵੱਲੋਂ ਲਾਇਆ ਗਿਆ ਲਾਕਡਾਊਨ ਸੀ। ਓਦੋਂ ਲਾਕਡਾਊਨ ਲਾਉਣਾ ਜ਼ਰੂਰੀ ਸੀ ਪਰ ਮੋਦੀ ਸਰਕਾਰ ਨੇ ਬਿਨਾਂ ਸੋਚੇ ਬੇਹੱਦ ਸੰਵੇਦਨਾ ਹੀਣ ਤਰੀਕੇ ਨਾਲ ਇਹ ਲਾਗੂ ਕੀਤਾ। ਮਨਮੋਹਨ ਸਿੰਘ ਨੇ ਜੋ ਤਿੰਨ ਸੁਝਾਅ ਦਿੱਤੇ ਹਨ, ਉਨ੍ਹਾਂ 'ਚ ਪਹਿਲਾ ਹੈ ਕਿ ਸਰਕਾਰ ਯਕੀਨੀ ਕਰੇ ਕਿ ਲੋਕਾਂ ਕੋਲ ਰੋਜ਼ਾਨਾਂ ਖ਼ਰਚ ਲਈ ਪੈਸੇ ਹੋਣ। ਇਸ ਦੇ ਲਈ ਸਰਕਾਰ ਉਨ੍ਹਾਂ ਨੂੰ ਨਕਦੀ ਉਪਲੱਬਧ ਕਰਾਏ। ਦੂਜਾ ਜ਼ਰੂਰੀ ਕਦਮ ਇਹ ਹੈ ਕਿ ਸਰਕਾਰ ਬਿਜਨੈਸ ਕਰਨ ਵਾਲਿਆਂ ਲਈ ਪੂੰਜੀ ਉਪਲੱਬਧ ਕਰਵਾਏ। ਤੀਜਾ ਸੁਝਾਅ ਹੈ ਕਿ ਸੰਸਥਾਗਤ ਖੁਦਮੁਖਤਿਆਰੀ ਅਤੇ ਪ੍ਰਕਿਰਿਆਵਾਂ ਦੇ ਜ਼ਰੀਏ ਵਿੱਤੀ ਖੇਤਰ ਨੂੰ ਠੀਕ ਕੀਤਾ ਜਾਵੇ। ਮਨਮੋਹਨ ਸਿੰਘ ਨੇ ਕੈਸ਼ ਟਰਾਂਸਫਰ ਬਾਰੇ ਕਿਹਾ ਕਿ ਇਸ ਨਾਲ ਬਹੁਤ ਸਾਰਾ ਕਰਜ਼ ਹੋ ਜਾਵੇਗਾ। ਇਸ ਨਾਲ ਜੀ ਡੀ ਪੀ ਰੇਸ਼ੋ ਲਈ ਭਾਰਤ ਦਾ ਕਰਜ਼ ਵੱਧ ਜਾਵੇਗਾ ਪਰ ਜੇ ਕਰਜ਼ ਨਾਲ ਕਿਸੇ ਦੀ ਜ਼ਿੰਦਗੀ ਬੱਚਦੀ ਹੈ, ਜੀਵਨ ਆਮ ਹੁੰਦਾ ਹੈ ਤੇ ਆਰਥਿਕ ਸਥਿਤੀ ਨੂੰ ਵਧਣ 'ਚ ਮਦਦ ਮਿਲਦੀ ਹੈ ਤਾਂ ਇਹ ਕੀਤਾ ਜਾ ਸਕਦਾ ਹੈ। ਕਰਜ਼ ਲੈਣ 'ਚ ਸ਼ਰਮਾਉਣ ਦੀ ਲੋੜ ਨਹੀਂ, ਪਰ ਉਸ ਨੂੰ ਕਿਵੇਂ ਖ਼ਰਚ ਕਰਨਾ ਹੈ, ਇਸ 'ਤੇ ਸਮਾਰਟ ਤਰੀਕੇ ਨਾਲ ਸੋਚ ਕੇ ਅਮਲ ਕਰਣਾ ਚਾਹੀਦਾ ਹੈ।



# ਆਈ ਪੀ ਐਲ ਸਪਾਂਸਰ ਵਜੋਂ ਵੀ ਬਾਬਾ ਰਾਮਦੇਵ ਦੀ ਐਂਟਰੀ!

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਯੋਗੀ ਰਾਮਦੇਵ ਦੀ ਕੰਪਨੀ 'ਪਤੰਜਲੀ' ਅੱਗੋਂ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) 2020 ਵਿੱਚ ਚੀਨੀ ਕੰਪਨੀ ਵੀਵੋ ਦੀ ਥਾਂ ਲੈਣਾ ਚਾਹੁੰਦੀ ਅਤੇ ਆਈ ਪੀ ਐਲ 2020 ਦੇ ਟਾਈਟਲ ਸਪਾਂਸਰ ਅਧਿਕਾਰ ਖਰੀਦਣ ਦੀ ਦੌੜ ਵਿੱਚ ਸ਼ਾਮਲ ਹੋ ਗਈ ਹੈ। ਕੰਪਨੀ ਨੇ ਇਸ ਦੀ ਪੁਸ਼ਟੀ ਕੀਤੀ ਹੈ, ਜਿੱਥੇ ਉਸ ਨੂੰ ਐਮੇਜੋਨ, ਟਾਟਾ ਅਤੇ ਰਿਲਾਇੰਸ ਇੰਡਸਟ੍ਰੀਜ਼ ਲਿਮ ਵਰਗੀਆਂ ਕੰਪਨੀਆਂ ਨਾਲ ਬੋਲੀ ਲਾਉਣੀ ਪੇਵਗੀ।



ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਆਈ ਪੀ ਐਲ 2020 ਦੇ ਟਾਈਟਲ ਸਪਾਂਸਰ ਅਧਿਕਾਰ ਲਈ 10 ਅਗਸਤ ਤੋਂ ਐਕਸਪ੍ਰੇਸ਼ਨ ਆਫ ਇੰਟਰੈਸਟ (ਈ ਓ ਆਈ) ਮੰਗੇ ਹਨ। ਇੱਛੁਕ ਪਾਰਟੀਆਂ ਬੋਲੀ ਲਾਉਣ ਲਈ 14 ਅਗਸਤ ਤੱਕ ਅਪਲਾਈ ਕਰ ਸਕਦੀਆਂ ਹਨ। ਚੀਨੀ ਮੋਬਾਈਲ ਫੋਨ ਕੰਪਨੀ ਵੀਵੋ ਨੇ ਆਈ ਪੀ ਐਲ 2020 ਲਈ ਉਸਦੀ ਟਾਈਟਲ ਸਪਾਂਸਰਸ਼ਿਪ ਛੱਡ ਦਿੱਤੀ ਹੈ। ਬੀ ਸੀ ਸੀ ਆਈ ਨੇ ਅੱਠ ਅਗਸਤ ਨੂੰ ਇਸ ਉਤੇ ਮੋਹਰ ਲਾ ਦਿੱਤੀ ਸੀ। ਇਸ ਲਈ ਬੀ ਸੀ ਸੀ ਆਈ ਆਈ ਪੀ ਐਲ 2020 ਦੇ ਟਾਈਟਲ ਸਪਾਂਸਰ ਲਈ ਨਵੇਂ ਸਪਾਂਸਰ ਦੀ ਭਾਲ ਵਿੱਚ ਹੈ ਅਤੇ ਜੀਓ, ਐਮੇਜ਼ੋਨ, ਟਾਟਾ ਗਰੁੱਪ, ਡ੍ਰੀਮ-11, ਅਡਾਨੀ ਗਰੁੱਪ ਤੇ ਐਜੂਕੇਸ਼ਨ ਸਮੇਤ ਕਈ ਨਾਂ ਆਈ ਪੀ ਐਲ ਸਪਾਂਸਰ ਅਧਿਕਾਰ ਹਾਸਲ ਕਰਨ ਦੇ ਸੰਭਾਵਿਤ ਉਮੀਦਵਾਰਾਂ ਦੇ ਤੌਰ 'ਤੇ ਸਾਹਮਣੇ ਆ ਰਹੇ ਹਨ।

ਵਰਨਣ ਯੋਗ ਹੈ ਕਿ ਵੀਵੋ ਟਾਈਟਲ ਸਪਾਂਸਰ ਲਈ ਹਰ ਸਾਲ ਬੀ ਸੀ ਸੀ ਆਈ ਨੂੰ 440 ਕਰੋੜ ਰੁਪਏ ਦੇਂਦੀ ਸੀ। ਕੋਰੋਨਾ ਵਾਇਰਸ ਦੇ ਕਾਰਨ ਇਸ ਸਮੇਂ ਬਾਜ਼ਾਰ ਦੀ ਹਾਲਤ ਬਹੁਤ ਚੰਗੀ ਨਹੀਂ, ਇਸ ਲਈ ਬੋਰਡ ਵੀ ਸਮਝਦਾ ਹੈ ਕਿ ਇੱਕ ਸਾਲ ਲਈ ਕੋਈ ਨਵੀਂ ਕੰਪਨੀ ਸ਼ਾਇਦ ਹੀ ਵੀਵੋ ਜਿੰਨਾ ਪੈਸਾ ਦੇ ਸਕੇ। ਸੂਤਰਾਂ ਮੁਤਾਬਕ ਬੋਰਡ ਨੂੰ 180-200 ਕਰੋੜ ਰੁਪਏ ਦੇ ਵਿਚਾਲੇ ਡੀਲ ਫਾਈਨਲ ਹੋਣ ਦੀ ਉਮੀਦ ਹੈ। ਬਾਜ਼ਾਰ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਚੀਨੀ ਕੰਪਨੀ ਦੇ ਬਦਲਾਂ ਦੇ ਤੌਰ 'ਤੇ ਇੱਕ ਰਾਸ਼ਟਰੀ ਬ੍ਰਾਂਡ ਦੇ ਤੌਰ 'ਤੇ ਪਤੰਜਲੀ ਦਾਅਵਾ ਬਹੁਤ ਮਜ਼ਬੂਤ ਹੈ। ਉਥੇ ਹੀ ਉਸਦਾ ਇਹ ਵੀ ਕਹਿਣਾ ਹੈ ਕਿ ਉਸ ਵਿੱਚ (ਪਤੰਜਲੀ) ਇੱਕ ਮਲਟੀਨੈਸ਼ਨਲ ਬ੍ਰਾਂਡ ਦੇ ਤੌਰ 'ਤੇ ਸਟਾਰ ਪਾਵਰ ਦੀ ਕਮੀ ਹੈ।

# ਸੁਸ਼ਾਂਤ ਦੀ ਗਰਲ ਫਰੈਂਡ ਰੀਆ ਨੇ ਕਿਹਾ: ਮੈਨੂੰ ਸਿਆਸੀ ਬੱਕਰਾ ਨਾ ਬਣਾਉ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਖੁਦਕੁਸ਼ੀ ਕਰ ਗਏ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਕੇਸ ਦੀ ਜਾਂਚ ਦਾ ਸਾਹਮਣਾ ਕਰ ਰਹੀ ਅਦਾਕਾਰਾ ਰੀਆ ਚੱਕਰਵਰਤੀ ਨੇ ਸੁਪਰੀਮ ਕੋਰਟ 'ਚ ਕਿਹਾ ਹੈ ਕਿ ਸਿਆਸੀ ਕਾਰਨਾਂ ਕਰ ਕੇ ਪ੍ਰਸਾਂਤ ਦੀ ਮੌਤ ਨੂੰ ਤੂਲ ਦਿੱਤਾ ਜਾ ਰਿਹਾ ਹੈ। ਤੀਹ ਦਿਨ ਅੰਦਰ ਮੁੰਬਈ ਵਿੱਚ ਦੋ ਹੋਰ ਅਦਾਕਾਰਾਂ ਨੇ ਖੁਦਕੁਸ਼ੀ ਕੀਤੀ ਹੈ, ਪਰ ਉਨ੍ਹਾਂ ਬਾਰੇ ਸੱਤਾ ਦੇ ਗਲਿਆਰਿਆਂ ਵਿੱਚ ਕੋਈ ਚਰਚਾ ਨਹੀਂ ਹੋਈ। ਰੀਆ ਨੇ ਕੋਰਟ ਵਿੱਚ ਸੁਰੱਖਿਆ ਦੇਣ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਉਸ ਨੂੰ ਸਿਆਸੀ ਬਲੀ ਦਾ ਬੱਕਰਾ ਨਾ ਬਣਾਇਆ ਜਾਵੇ। ਰੀਆ ਨੇ ਇਹ ਵੀ ਕਿਹਾ ਕਿ ਬਿਹਾਰ ਪੁਲਸ ਨੂੰ ਕੇਸ ਦੀ ਜਾਂਚ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਹੈ, ਇਸ ਲਈ ਉਹ ਜਾਂਚ ਸੀ ਬੀ ਆਈ ਨੂੰ ਕਿਵੇਂ ਦੇ ਸਕਦੀ ਹੈ। ਰੀਆ ਨੇ ਕਿਹਾ ਕਿ ਜੇ ਪੁਲਸ ਸੁਪਰੀਮ ਕੋਰਟ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਦਿੰਦੀ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਉਸ ਵਿੱਚ ਵੀ ਮਾਮਲੇ ਦਾ ਖੇਤਰ ਅਧਿਕਾਰ ਮੁੰਬਈ ਦਾ ਹੋਵੇਗਾ, ਨਾ ਕਿ ਪਟਨਾ। ਰੀਆ ਨੇ ਇਹ ਗੱਲਾਂ ਕੱਲ੍ਹ ਸੁਪਰੀਮ ਕੋਰਟ ਵਿੱਚ ਦਿੱਤੇ ਐਫੀਡੇਵਿਟ ਵਿੱਚ ਕਹੀਆਂ ਹਨ। ਉਸ ਨੇ ਇੱਕ ਹੋਰ ਐਫੀਡੇਵਿਟ ਕੋਰਟ 'ਚ ਪੈਂਡਿੰਗ ਟਰਾਂਸਫਰ ਪਟੀਸ਼ਨ ਵਿੱਚ ਦਾਖਲ ਕੀਤਾ ਹੈ। ਰੀਆ ਨੇ ਸੁਪਰੀਮ ਕੋਰਟ ਵਿੱਚ ਟਰਾਂਸਫਰ ਪਟੀਸ਼ਨ ਦਾਖਲ ਕਰ ਕੇ ਸੁਸ਼ਾਂਤ ਦੀ ਮੌਤ ਦੇ ਮਾਮਲੇ ਵਿੱਚ ਪਟਨਾ ਵਿੱਚ ਦਰਜ ਕੇਸ ਮੁੰਬਈ ਨੂੰ ਟਰਾਂਸਫਰ ਕਰਨ ਦੀ ਮੰਗ ਕੀਤੀ ਹੈ। ਉਸ ਨੇ ਇਹ ਐਫੀਡੇਵਿਟ ਬਿਹਾਰ ਤੇ ਮੁੰਬਈ ਪੁਲਸ ਦੇ ਜਵਾਬੀ ਐਫੀਡੇਵਿਟ ਦੇ ਜਵਾਬ ਵਿੱਚ ਦਾਖਲ ਕੀਤਾ ਅਤੇ ਕਿਹਾ ਹੈ ਕਿ ਸੁਸ਼ਾਂਤ ਸਿੰਘ ਰਾਜਪੂਤ ਦੀ ਦੁਖਦਾਈ ਮੌਤ ਬਿਹਾਰ ਚੋਣਾਂ ਤੋਂ ਠੀਕ ਪਹਿਲਾਂ ਹੋਈ ਹੈ। ਉਨ੍ਹਾਂ ਦੀ ਮੌਤ ਨੂੰ ਮੀਡੀਆ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ। ਤੀਹ ਦਿਨਾਂ ਦੇ ਅੰਦਰ ਅਦਾਕਾਰਾ ਆਸ਼ੂਤੋਸ਼ ਭਾਕਰੇ ਅਤੇ ਸਮੀਰ ਸ਼ਰਮਾ ਨੇ ਵੀ ਖੁਦਕੁਸ਼ੀ ਕੀਤੀ ਹੈ, ਪਰ ਸੱਤਾ ਦੇ ਗਲਿਆਰਿਆਂ ਵਿੱਚ ਇਨ੍ਹਾਂ ਦੀ ਚਰਚਾ ਨਹੀਂ ਹੈ। ਸੁਸ਼ਾਂਤ ਦੀ ਮੌਤ ਦੇ ਕੇਸ ਵਿੱਚ ਪਹਿਲਾਂ ਹੀ ਮੀਡੀਆ ਨੇ ਉਸ ਨੂੰ ਦੋਸ਼ੀ ਠਹਿਰਾ ਦਿੱਤਾ। ਕੇਸ ਨੂੰ ਸਨਸਨੀਖੇਜ਼ ਬਣਾਉਣ ਨਾਲ ਉਸ ਨੂੰ ਠੇਸ ਪੁੱਜੀ ਤੇ ਉਸ ਦੇ ਨਿੱਜਤਾ ਦੇ ਹੱਕ ਦੀ ਉਲੰਘਣਾ ਹੋਈ ਹੈ। ਰੀਆ ਨੇ ਕੋਰਟ ਨੂੰ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਉਸ ਨੂੰ ਸਿਆਸੀ ਬਲੀ ਦਾ ਬੱਕਰਾ ਨਾ ਬਣਾਇਆ ਜਾਵੇ।


Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD



JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Ranked In* Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗ (Listings) ਦੀ ਬਹੁਤ ਲੋੜ ਹੈ




ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜ਼ਟ; ਸੈਮਸੁੰਗ ਵਾੱਸ਼ਰ ਅਤੇ ਡ੍ਰਾਇਅਰ ਦੇ ਨਾਲ ਲਾਂਡਰੀ ਦਾ ਅਨੁਕੂਲਣ; ਬਹੁਤ ਸਾਰੀ ਸਟੋਰੇਜ ਹਨ।




ਬਰੈਂਪਟਨ ਦੇ ਏਰੀਏ ਵਿੱਚ ਬਹੁਤ ਹੀ ਸੋਹਣੀ ਬਿਲਕੁਲ ਨਵੀਂ (ਬਰੈਂਡ ਨੀਊ) ਲੀਗਲ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਸੇਪਰੈਟ ਏਨਟਰੈਂਸ ਅਤੇ ਵਖਰੀ ਲਾਂਡਰੀ। ਵੱਡੀਆਂ ਵਿੰਡੋਜ਼ ਹਨ। ਕਿਰਾਇਆ $1650/ ਮਹੀਨਾ ਹੈ।




ਬਰੈਂਪਟਨ ਦੇ ਏਰੀਏ ਵਿੱਚ ਬਹੁਤ ਹੀ ਸੋਹਣੀ ਬਿਲਕੁਲ ਨਵੀਂ (ਬਰੈਂਡ ਨੀਊ) ਲੀਗਲ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵਾਕ ਆਊਟ/ਸੇਪਰੈਟ ਏਨਟਰੈਂਸ ਅਤੇ ਵਖਰੀ ਲਾਂਡਰੀ। ਵੱਡੀਆਂ ਵਿੰਡੋਜ਼ ਹਨ। ਕਿਰਾਇਆ $1700/ ਮਹੀਨਾ ਹੈ।




ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਵਾਤਾਵਰਨ ਸੁਧਾਰ ਤੇ ਸਮੁੰਦਰਾਂ ਨੂੰ ਪਲਾਸਟਿਕ ਮੁਕਤ ਕਰਨ ਲਈ ਸੰਘਰਸ਼ ਕਰ ਰਹੀ ਹੈ ਐਮਿਲੀ ਪੇਨ

ਲੰਡਨ, 11 ਅਗਸਤ (ਪੋਸਟ ਬਿਊਰੋ)- ਐਮਿਲੀ ਪੇਨ ਨੇ ਜਾਂਚ ਤੋਂ ਬਾਅਦ ਪਾਇਆ ਕਿ 29 ਕੈਮੀਕਲ (ਨੌਂ ਪਲਾਸਟਿਕ ਦੇ ਕੈਮੀਕਲ ਸਮੇਤ) ਉਸਦੇ ਸਰੀਰ 'ਚ ਚਲੇ ਗਏ ਸਨ। ਇਹ ਪਲਾਸਟਿਕ ਦੇ ਭਾਂਡਿਆਂ ਵਿੱਚ ਖਾਣਾ ਖਾਣ ਤੇ ਕਾਸਮੈਟਿਕ ਉਤਪਾਦਾਂ ਦੀ ਵਰਤੋਂ ਕਰਕੇ ਹੋਇਆ ਸੀ। ਐਮਿਲੀ ਨੇ ਇਹ ਪਲਾਸਟਿਕ ਤੋਂ ਸਰੀਰ ਵਿੱਚ ਜਾਣ ਵਾਲੇ 35 ਕਿਸਮ ਦੇ ਕੈਮੀਕਲਜ਼ ਦੇ ਪ੍ਰਭਾਵਾਂ ਦਾ ਪਤਾ ਲਾਉਣ ਲਈ ਕਰਵਾਇਆ ਸੀ।



ਇਸ ਦੇ ਬਾਅਦ ਐਮਿਲੀ ਨੇ ਸਮੁੰਦਰਾਂ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਮੁਹਿੰਮ ਸ਼ੁਰੂ ਕੀਤੀ। ਉਸ ਨੇ ਕੰਮ ਨੂੰ ਪੂਰਾ ਕਰਨ ਲਈ ਸਾਲ 2030 ਤੱਕ ਸਮਾਂ-ਸੀਮਾ ਮਿਥੀ ਹੈ। ਇਸ ਮੁਹਿੰਮ 'ਚ ਉਸ ਨੇ ਅੱਜ ਤੱਕ 30 ਦੇਸ਼ਾਂ ਤੋਂ 300 ਔਰਤਾਂ ਨੂੰ ਨਾਲ ਜੋੜ ਲਿਆ ਹੈ ਅਤੇ ਨੌਂ ਦੇਸ਼ਾਂ ਵਿਚਾਲੇ 10330 ਨਾਟੀਕਲ ਮੀਲ ਯਾਤਰਾ ਕਰ ਚੁੱਕੀ ਹੈ। ਐਮਿਲੀ ਪੇਨ ਦੱਸਦੀ ਹੈ ਕਿ 2019 'ਚ ਅਸੀਂ 'ਈ-ਮੁਹਿੰਮ ਰਾਊਂਡ ਦੀ ਵਰਲਡ' ਯਾਤਰਾ ਸ਼ੁਰੂ ਕੀਤੀ। ਸਾਲ 2007 'ਚ ਇਸ ਖੋਜ ਲਈ ਤਿੰਨ ਮਹੀਨੇ ਸਫ਼ਰ ਤੈਅ ਕਰਕੇ ਚੀਨ ਗਈ, ਪਰ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਹਵਾਈ ਸਫ਼ਰ ਨਹੀਂ ਕੀਤਾ। ਆਸਟ੍ਰੇਲੀਆ 'ਚ ਮਿਲੀ ਨੌਕਰੀ ਲਈ 20,000 ਕਿਲੋਮੀਟਰ ਲੰਬੀ ਯਾਤਰਾ ਲਈ ਉਸ ਨੇ ਬਾਇਓ ਫਿਊਲ ਨਾਲ ਚੱਲਣ ਵਾਲੀ ਕਿਸ਼ਤੀ ਨਾਲ 120 ਦਿਨ ਦੀ ਯਾਤਰਾ ਕੀਤੀ। ਐਮਿਲੀ ਦੱਸਦੀ ਹੈ ਕਿ ਆਸਟ੍ਰੇਲੀਆ ਦੀ ਯਾਤਰਾ ਦੌਰਾਨ ਉਨ੍ਹਾਂ ਦੀ ਕਿਸ਼ਤੀ ਪਲਾਸਟਿਕ ਦੇ ਕੂੜੇ ਨਾਲ ਟਕਰਾ ਗਈ। ਮੈਂ ਸਵਾਲ ਉਠਾਇਆ ਕਿ ਇੱਥੇ ਏਨਾ ਪਲਾਸਟਿਕ ਕਿਵੇਂ ਆ ਗਿਆ? ਇਸ ਸਵਾਲ ਨੇ ਸਮੁੰਦਰਾਂ ਨੂੰ ਪਲਾਸਟਿਕ ਮੁਕਤ ਬਣਾਉਣ ਦੀ ਮੇਰੀ ਨਵੀਂ ਯਾਤਰਾ ਸ਼ੁਰੂ ਕਰ ਦਿੱਤੀ। ਐਮਿਲੀ ਕਹਿੰਦੀ ਹੈ ਕਿ ਪਲਾਸਟਿਕ ਦੇ ਕਾਰਨ ਕੈਂਸਰ, ਉਪਜਾਊ ਸ਼ਕਤੀ ਜਾਂ ਹਾਰਮੋਨਾਂ ਦੇ ਅਸੰਤੁਲਨ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਉਸ ਅਨੁਸਾਰ ਇਹ ਅਸਲ 'ਚ ਔਰਤਾਂ ਦੀ ਸਿਹਤ ਵਾਲਾ ਮੁੱਦਾ ਹੈ, ਇਸ ਲਈ ਇਹ ਫ਼ੈਸਲਾ ਕੀਤਾ ਜਾਂ ਦਾ ਹੈ ਕਿ ਔਰਤਾਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਸੰਸਾਰ ਨੂੰ ਜਾਗਰੂਕ ਕਰਨ ਲਈ ਸਮੁੰਦਰੀ ਯਾਤਰਾ ਰਾਹੀਂ ਮੁਹਿੰਮ ਚਲਾਉਣੀ ਚਾਹੀਦੀ ਹੈ। ਇਸ ਮੁਹਿੰਮ ਨੂੰ ਪੂਰਾ ਕਰਨ ਲਈ ਤਿੰਨ ਸਾਲਾਂ 'ਚ 38,000 ਨਾਟੀਕਲ ਮੀਲਾਂ ਦਾ ਸਫ਼ਰ ਕਰਕੇ ਸਮੁੰਦਰ ਦੀ ਸਿਹਤ ਨੂੰ ਸਮਝਣਾ ਹੋਵੇਗਾ। ਵਰਤਮਾਨ ਸਮੇਂ ਸੰਸਾਰ 'ਚ ਕੁੱਲ ਪਲਾਸਟਿਕ ਉਤਪਾਦਨ ਦਾ 20 ਫ਼ੀਸਦੀ ਰੀਸਾਈਕਲ ਕੀਤਾ ਜਾ ਰਿਹਾ ਹੈ, ਜਿਸ ਨੂੰ ਵਧਾਉਣਾ ਪਵੇਗਾ।

# ਭ੍ਰਿਸ਼ਟਾਚਾਰ ਕੇਸ ਵਿੱਚ ਪਾਕਿ ਦਾ ਸਾਬਕਾ ਰਾਸ਼ਟਰਪਤੀ ਜ਼ਰਦਾਰੀ ਦੋਸ਼ੀ ਕਰਾਰ



ਇਸਲਾਮਾਬਾਦ, 11 ਅਗਸਤ (ਪੋਸਟ ਬਿਊਰੋ)- ਇਸਲਾਮਾਬਾਦ ਦੀ ਇੱਕ ਜਵਾਬਦੇਹੀ ਅਦਾਲਤ ਨੇ ਕੱਲ੍ਹ ਪਾਕਿ-ਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੂੰ ਪਾਰਕ ਲੇਨ ਭ੍ਰਿਸ਼ਟਾਚਾਰ ਕੇਸ 'ਚ ਦੋਸ਼ੀ ਠਹਿਰਾਇਆ ਹੈ।

ਆਸਿਫ ਅਲੀ ਜ਼ਰਦਾਰੀ ਕੱਲ੍ਹ ਕਰਾਚੀ ਦੇ ਬਿਲਾਵਲ ਹਾਊਸ ਤੋਂ ਵੀਡੀਓ ਲਿੰਕ ਜ਼ਰੀਏ ਜ਼ਰਦਾਰੀ ਅਦਾਲਤ ਵਿਚ ਪੇਸ਼ ਹੋਏ ਸਨ। 'ਦਾ ਐਕਸਪ੍ਰੈਸ ਟ੍ਰਿਬਿਊਨ' ਅਨੁਸਾਰ ਜ਼ਰਦਾਰੀ ਨੇ ਖ਼ੁਦ ਨੂੰ ਦੋਸ਼ੀ ਕਰਾਰ ਨਾ ਦਿੱਤੇ ਜਾਣ ਦੀ ਅਪੀਲ ਕੀਤੀ ਸੀ। ਜਸਟਿਸ ਮੁਹੰਮਦ ਆਜ਼ਮ ਖ਼ਾਨ ਵੱਲੋਂ ਕੇਸ ਦੀ ਸੁਣਵਾਈ ਦੌਰਾਨ ਜ਼ਰਦਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਵਕੀਲਾਂ ਦੀ ਗ਼ੈਰ-ਹਾਜ਼ਰੀ 'ਚ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਉਹ ਸੁਪਰੀਮ ਕੋਰਟ 'ਚ ਹਨ। ਹਾਲਾਂਕਿ ਅਦਾਲਤ ਨੇ ਜ਼ਰਦਾਰੀ ਦੀ ਦਲੀਲ ਰੱਦ ਕਰਦਿਆਂ ਕਿਹਾ ਕਿ ਉਸ ਨੂੰ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਨ੍ਹਾਂ ਦੇ ਵਕੀਲ ਅਦਾਲਤ 'ਚ ਪੇਸ਼ ਨਾ ਹੋਣ 'ਤੇ ਗ਼ੈਰਹਾਜ਼ਰ ਮੰਨੇ ਜਾਣਗੇ। ਸੁਣਵਾਈ ਦੌਰਾਨ ਕੇਸ ਦੇ ਹੋਰ ਦੋਸ਼ੀ ਓਮਨੀ ਗਰੁੱਪ ਦੇ ਮੁਖੀ ਅਨਵਰ ਮਜੀਦ, ਸ਼ੇਰ ਅਲੀ, ਫ਼ਾਰੂਕ ਅਬਦੁੱਲਾ, ਸਲੀਮ ਫ਼ੈਜ਼ਲ ਅਤੇ ਮੁਹੰਮਦ ਹਨੀਫ਼ ਨੂੰ ਵੀ ਦੋਸ਼ੀ ਠਹਿਰਾਇਆ ਗਿਆ ਹੈ।

# ਹਾਂਗਕਾਂਗ ਵਿੱਚ ਮੀਡੀਆ ਗਰੁੱਪ ਦੇ ਮਾਲਕ ਜਿੰਮੀ ਲਾਇ ਦੋ ਪੁੱਤਰਾਂ ਸਮੇਤ ਗ੍ਰਿਫ਼ਤਾਰ



ਹਾਂਗਕਾਂਗ, 11 ਅਗਸਤ (ਪੋਸਟ ਬਿਊਰੋ)- ਹਾਂਗਕਾਂਗ ਸਰਕਾਰ ਨੇ 30 ਜੂਨ ਤੋਂ ਲਾਗੂ ਕੌਮੀ ਸੁਰੱਖਿਆ ਕਾਨੂੰਨ ਦੀ ਵੱਡੀ ਕਾਰਵਾਈ ਕਰਦਿਆਂ ਹਾਂਗਕਾਂਗ ਦੇ ਚੋਟੀ ਦੇ ਮੀਡੀਆ ਗਰੁੱਪ 'ਨੈਕਸ ਮੀਡੀਆ' ਅਤੇ 'ਐਪਲ ਡੇਲੀ' ਅਖ਼ਬਾਰ ਦੇ ਮਾਲਕ ਜਿੰਮੀ ਲਾਇ ਅਤੇ ਉਸ ਦੇ ਦੋ ਪੁੱਤਰਾਂ ਨੂੰ ਨੌਂ ਸਹਿਯੋਗੀਆਂ ਸਣੇ ਵਿਦੇਸ਼ੀ ਤਾਕਤਾਂ ਨਾਲ ਮਿਲੀਭੁਗਤ ਅਤੇ ਦੇਸ਼ ਵਿਰੋਧੀ ਹੋਰ ਕਾਰਵਾਈਆਂ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਉਨ੍ਹਾਂ ਦੇ ਹੋ-ਮਨ-ਤਿਨ ਨਿਵਾਸ ਤੋਂ ਗ੍ਰਿਫ਼ਤਾਰ ਕਰਨ ਦੇ ਬਾਅਦ ਪੁਲਸ ਦੇ 200 ਦੇ ਕਰੀਬ ਅਧਿਕਾਰੀਆਂ ਵੱਲੋਂ ਐਪਲ ਡੇਲੀ ਦੀ ਚੂੰ-ਕਵਾਨ-ਓ ਦੀ ਇਮ-ਾਰਤ 'ਤੇ ਛਾਪੇਮਾਰੀ ਕਰਕੇ 25 ਡੱਬਿਆਂ ਦੇ ਕਰੀਬ ਸਮੱਗਰੀ ਤਫ਼ਤੀਸ਼ ਲਈ ਚੁੱਕ ਲਈ ਹੈ। ਇਸ ਸੰਬੰਧ ਵਿੱਚ ਹਾਂਗਕਾਂਗ ਦੇ ਆਖ਼ਰੀ ਗਵਰਨਰ ਕ੍ਰਿਸ ਪੈਟਨ, ਤਾਇਤਾਨ ਦੇ ਸੀਨੀਅਰ ਅਧਿਕਾਰੀਆਂ ਅਤੇ ਹਾਂਗਕਾਂਗ ਦੀਆਂ ਕੁਝ ਸੰਸਥਾਵਾਂ ਨੇ ਹਾਂਗਕਾਂਗ ਸਰਕਾਰ ਦੇ ਇਸ ਕਦਮ ਦੀ ਨਿੰਦਾ ਕਰਦਿਆਂ ਇਸ ਨੂੰ ਪ੍ਰੈਸ ਦੀ ਆਜ਼ਾਦੀ 'ਤੇ ਭਿਆਨਕ ਹਮਲਾ ਦੱਸਿਆ ਹੈ। ਐਪਲ ਡੇਲੀ ਅਖ਼ਬਾਰ ਦੇ ਮੁੱਖ ਸੰਪਾਦਕ ਰਿਆਨ ਲਾਅ ਨੇ ਕਿਹਾ ਕਿ ਅਖ਼ਬਾਰ ਦਾ ਸਟਾਫ ਸ਼ਾਮ ਨੂੰ ਛਾਪੇ ਤੋਂ ਬਾਅਦ ਆਮ ਵਾਂਗ ਕੰਮ 'ਤੇ ਪਰਤ ਆਇਆ ਹੈ। ਐਪਲ ਡੇਲੀ ਅਖ਼ਬਾਰ ਰੋਜ਼ ਵਾਂਗ ਛਪਦੀ ਰਹੇਗੀ, ਭਾਵੇਂ ਉਸ ਦੇ ਪਲੇਨ ਪੇਪਰ ਛਾਪਣੇ ਪੈਣ। ਦੇਰ ਰਾਤ ਤੱਕ ਲੋਕਤੰਤਰ ਪੱਖੀ ਕਾਰਕੁੰਨ ਐਗਨਸ ਚੋਅ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

# 11 ਅਮਰੀਕੀ ਨੇਤਾਵਾਂ ਤੇ ਸੰਗਠਨਾਂ ਦੇ ਮੁਖੀਆਂ ਉੱਤੇ ਚੀਨ ਵੱਲੋਂ ਵੀ ਪਾਬੰਦੀਆਂ ਲਾਗੂ

ਬੀਜਿੰਗ, 11 ਅਗਸਤ (ਪੋਸਟ ਬਿਊਰੋ)- ਲੋਕਤੰਤਰ ਦੀ ਹਮਾਇਤ ਕਰਨ ਵਾਲੇ 11 ਅਮਰੀਕੀ ਨੇਤਾਵਾਂ ਤੇ ਸੰਗਠਨਾਂ ਦੇ ਮੁਖੀਆਂ ਦੇ ਖਿਲਾਫ ਚੀਨ ਸਰਕਾਰ ਨੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਸੈਨੇਟਰ ਮਾਰਕੋ ਰੂਬੀਓ ਅਤੇ ਟੇਡ ਕਰੂਜ ਵੀ ਸ਼ਾਮਲ ਹਨ। ਉਂਜ ਪਾਬੰਦੀ ਦੇ ਬਾਰੇ ਇਹ ਨਹੀਂ ਦੱਸਿਆ ਗਿਆ ਹੈ ਕਿ ਕਿੱਦਾਂ ਦੀ ਹੋਵੇਗੀ।

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜੀਆਨ ਨੇ ਕੱਲ੍ਹ ਕਿਹਾ ਕਿ ਇਨ੍ਹਾਂ 11 ਨੇਤਾਵਾਂ ਅਤੇ ਸੰਗਠਨਾਂ ਦੇ ਮੁਖੀਆਂ ਨੇ ਹਾਂਗਕਾਂਗ ਨਾਲ ਜੁੜੇ ਮੁੱਦਿਆਂ ਉੱਤੇ ਗਲਤ ਗਤੀਵਿਧੀਆਂ ਕੀਤੀਆਂ ਹਨ। ਵਰਣਨ ਯੋਗ ਹਨ ਹੈ ਕਿ ਚੀਨ ਨੇ ਪਿਛਲੇ ਮਹੀਨੇ ਅੱਧੀ ਖ਼ੁਦਮੁਖਤਾਰੀ ਵਾਲੇ ਚੀਨੀ ਸ਼ਹਿਰ ਹਾਂਗਕਾਂਗ ਵਿੱਚ ਆਪਣਾ ਕੌਮੀ ਸੁਰੱਖਿਆ ਕਾਨੂੰਨ ਥੋਪਣ ਪਿੱਛੋਂ



ਵਿਰੋਧ ਦੀ ਆਵਾਜ਼ ਦਬਾਉਣ ਦੇ ਲਈ ਕਾਰਵਾਈ ਕੀਤੀ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਜਿੰਨੇ ਅਮਰੀਕੀ ਨੇਤਾਵਾਂ ਤੇ ਸੰਗਠਨਾਂ ਦੇ ਮੁਖੀਆਂ 'ਤੇ ਪਾਬੰਦੀ ਲਾਈ ਹੈ, ਉਨ੍ਹਾਂ ਦੀ ਗਿਣਤੀ ਹਾਂਗਕਾਂਗ ਅਤੇ ਚੀਨ ਦੇ ਉਨ੍ਹਾਂ ਅਧਿਕਾਰੀਆਂ ਦੇ ਬਰਾਬਰ ਹੈ, ਜਿਨ੍ਹਾਂ ਉੱਤੇ ਅਮਰੀਕਾ ਨੇ ਪਿਛਲੇ ਹਫਤੇ ਪਾਬੰਦੀ ਲਾਈ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਪਾਬੰਦੀ ਸ਼ੁਦਾ ਅਮਰੀਕੀ ਨੇਤਾਵਾਂ ਦੇ ਨਾਂਅ ਸੈਨੇਟਰ ਜੋਸ਼ ਹਾਵਲੇ ਅਤੇ ਟਾਮ ਕਾਟਨ ਅਤੇ ਹਾਊਸ ਆਫ ਰਿਪ੍ਰੈਜੈਂਟੇਟਿਵ ਦੇ ਮੈਂਬਰ ਕ੍ਰਿਸ ਸਮਿਥ ਦੱਸੇ ਹਨ। ਇਸ ਦੇ ਇਲਾਵਾ ਨੈਸ਼ਨਲ ਇੰਡੋਵਮੈਂਟ ਫਾਰ ਡੈਮੋਕ੍ਰੇਸੀ ਅਤੇ ਫਰੀਡਮ ਹਾਊਸ ਸਮੇਤ ਕਈ ਸੰਗਠਨਾਂ ਦੇ ਮੁਖੀਆਂ ਦੇ ਨਾਂਅ ਵੀ ਪਾਬੰਦੀ ਲੱਗੀ ਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5" BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
IMMIGRATION SERVICES
✱ Visitor Visa
✱ Super Visa
✱ Study,Work,Visitor Extension Visa
✱ Spousal Applications
✱ Family Sponsorship
✱ Permanent Residence Card Renewal
✱ Citizenship Application
✱ All Invitation Letters
AVTAR UPPAL Manager
OTHER PRACTICES
✱ Criminal Law
✱ Family Law
✱ Power of Attorney
✱ Change of Name
✱ Notarization
✱ Travel Consent
✱ Affidavit
✱ Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਉ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

NEW

# BROOKPORT BUSINESS PARK WITHIN CENTREPORT CANADA

CENTREPORT™ CANADA

**FULLY SERVICED INDUSTRIAL LOTS AVAILABLE**

Land in New Business Park in CentrePort Canada

BrookPort Business Park, RM of Rosser, Manitoba

*LOT PRICE PER ACRE







## BROOKPORT BUSINESS PARK PHASE II

## INDUSTRIAL LOTS AVAILABLE

BrookPort Business Park,
RM of Rosser, Manitoba

### PROPERTY SUMMARY

| | |
|---|---|
| LOT SIZES | 1.41-28.84 +/- ACRES (UP TO 23.5 CONTIGUOUS ACRES) |
| TOTAL SITE SIZE | 80 +/- ACRES |
| CONTACT AGENT | IAN CORBETT-204.688.7653 |
| ZONING I2 - | INDUSTRIAL GENERAL |

### FEATURES

- FULLY SERVICED INDUSTRIAL LOTS
- ASPHALT ROADS
- HYDRO, GAS, INTERNET / PHONE
- MUNICIPAL SEWER AND WATER
- DIRECT ACCESS TO MAJOR TRUCK ROUTES
- NO BUSINESS TAXES

### LOCATION

- NORTH AMERICA'S 20,000 ACRE INLAND PORT & FREE TRADE ZONE WITHIN RM ROSSER
- EXCELLENT FRONTAGE ON BROOKSIDE BLVD, FARMER ROAD & FUTURE CHIEF PEGUIS TRAIL
- 10 MINUTES FROM AIRPORT
- CONNECTIONS TO REGIONAL & INT. MARKET

MINUTES FROM INTERNATIONAL AIRPORT

CLOSE TO TRANSPORTATION ROUTES

PYLON & BUILDING SIGNAGE

EXCELLENT FRONTAGE



**SATPAL SIDHU**
PRESIDENT
204.960.0007

WHITELAND
WHITELAND DEVELOPERS

**AMRITPAL JHAND**
PRESIDENT
204.960.0006



Call: 1800-857-1424 Email:info@whitelanddevelopers.com